4

# ਯਿਸੂ ਅਤੇ ''ਨਾ ਬਖ਼ਸ਼ੇ ਜਾਣ ਯੋਗ ਪਾਪ''

## (ਮੱਤੀ 12:22-35)

ਮੈਂ ਇਹ ਪਾਠ ਇਕ ਪ੍ਰਯੋਗ ਨਾਲ ਸ਼ੁਰੂ ਕਰਨਾ ਚਾਹੁੰਦਾ ਹਾਂ। ਜੇ ਪਿਛਲੇ ਮਹੀਨੇ ਦੌਰਾਨ ਤੁਸੀਂ ਹਾਥੀਆਂ ਬਾਰੇ ਵਿਚਾਰ ਨਹੀਂ ਕੀਤਾ, ਤਾਂ ਮਿਹਰਬਾਨੀ ਕਰਕੇ ਆਪਣਾ ਸਿਰ ਹਿਲਾਓ।[1] ਮੇਰੇ ਖ਼ਿਆਲ 'ਚ ਤੁਸੀਂ ਆਪਣਾ ਸਿਰ ਹਿਲਾਇਆ ਹੈ। ਹੁਣ ਇਸ ਪ੍ਰਯੋਗ ਦਾ ਦੂਜਾ ਹਿੱਸਾ ਵੇਖਦੇ ਹਾਂ: ਅਗਲੇ ਪੰਦਰਾਂ ਸਕਿੰਟਾਂ ਤਕ ਹਾਥੀ ਦਾ ਖ਼ਿਆਲ ਆਪਣੇ ਮਨ 'ਚ ਬਿਲਕੁਲ ਨਾ ਆਉਣ ਦਿਓ।

ਤੁਹਾਡੇ ਮਨ 'ਚ ਜਾਂ ਤਾਂ ਹਾਥੀਆਂ ਦੀ ਗੱਲ ਆਈ ਹੈ ਜਾਂ ਤੁਸੀਂ ਉਹਨਾਂ ਬਾਰੇ ਨਾ ਸੋਚਣ ਦੀ ਕੋਸ਼ਿਸ਼ ਕੀਤੀ ਹੈ, ਹੈ ਨਾ? ਤੁਸੀਂ ਪਿਛਲੇ ਕਈ ਮਹੀਨਿਆਂ ਵਿਚ ਹਾਥੀਆਂ ਬਾਰੇ ਨਹੀਂ ਸੋਚਿਆ ਹੋਵੇਗਾ ਪਰ ਜਿਵੇਂ ਹੀ ਮੈਂ ਕਿਹਾ, ''ਹਾਥੀਆਂ ਦਾ ਖ਼ਿਆਲ ਆਪਣੇ ਮਨ ਵਿਚ ਨਾ ਲਿਆਓ,'' ਤੁਸੀਂ ਆਪਣੇ ਆਪ ਨੂੰ ਰੋਕ ਨਹੀਂ ਪਾਏ।

ਬਚਪਨ ਵਿਚ ਬਾਈਬਲ ਦੀ ਇਸ ਆਇਤ ਨੂੰ ਵੇਖ ਕੇ ਮੇਰੇ ਨਾਲ ਇਸੇ ਤਰ੍ਹਾਂ ਹੋਇਆ ਸੀ:

> ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਜੋ ਹਰੇਕ ਪਾਪ ਅਤੇ ਕੁਫ਼ਰ ਮਨੁੱਖਾਂ ਨੂੰ ਮਾਫ਼ ਕੀਤਾ ਜਾਵੇਗਾ ਪਰ ਉਹ ਕੁਫ਼ਰ ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ ਨਹੀਂ ਕੀਤਾ ਜਾਵੇਗਾ। ਅਤੇ ਜੋ ਕੋਈ ਮਨੁੱਖ ਦੇ ਪੁੱਤਰ ਦੇ ਵਿਰੁੱਧ ਗੱਲ ਕਰੇ ਉਹ ਨੂੰ ਮਾਫ਼ ਕੀਤਾ ਜਾਵੇਗਾ ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ ਨਾ ਇਸ ਜੁਗ ਵਿਚ ਨਾ ਆਉਣ ਵਾਲੇ ਜੁਗ ਵਿਚ ਮਾਫ਼ ਕੀਤਾ ਜਾਵੇਗਾ (ਮੱਤੀ 12:31, 32)।

ਮੈਂ ਕਦੇ ਪਵਿੱਤਰ ਆਤਮਾ ਦੇ ਵਿਰੋਧ ਦਾ ਵਿਚਾਰ ਆਪਣੇ ਮਨ ਵਿਚ ਨਹੀਂ ਲਿਆਂਦਾ ਸੀ ਜਾਂ ਆਪਣੀ ਜ਼ਿੰਦਗੀ ਵਿਚ ਕਦੇ ਪਵਿੱਤਰ ਆਤਮਾ ਦੇ ਖ਼ਿਲਾਫ਼ ਨਹੀਂ ਬੋਲਿਆ ਸੀ। ਪਰ ਇਹ ਪੜ੍ਹਦਿਆਂ ਹੀ ਮੇਰੇ ਮਨ 'ਚ ਆਇਆ ਕਿ ''ਮੈਨੂੰ ਪਵਿੱਤਰ ਆਤਮਾ ਦੇ ਖ਼ਿਲਾਫ਼ ਕੋਈ ਗੱਲ ਨਹੀਂ ਕਹਿਣੀ ਚਾਹੀਦੀ,'' ਅਤੇ ਮੈਂ ਆਪਣੇ ਆਪ ਨੂੰ ਰੋਕਣ ਦੀ *ਕੋਸ਼ਿਸ਼* ਕਰਨ ਲੱਗਾ। ਮੈਂ ਪੜ੍ਹਿਆ ਹੋਇਆ ਸੀ ਕਿ ਮਨ ਵਿਚ ਬੁਰਾ ਵਿਚਾਰ ਆਉਣ ਤੇ ਕਿਸੇ ਹੋਰ ਗੱਲ ਵੱਲ ਧਿਆਨ ਲਗਾ ਲੈਣਾ ਚਾਹੀਦਾ ਹੈ। ਮੱਤੀ 12:31, 32 ਪੜ੍ਹਨ ਤੋਂ ਬਾਅਦ ਕੁਝ ਦੇਰ ਲਈ ਮੈਂ ਹੌਲੀ

ਹੌਲੀ ਆਪਣਾ ਰਾਸ਼ਟਰੀ ਗੀਤ ਗਾਉਣ ਲੱਗ ਪਿਆ ਤਾਂ ਜੋ ਮੇਰੇ ਮਨ ਵਿਚ ਪਵਿੱਤਰ ਆਤਮਾ ਬਾਰੇ ਬੁਰੇ ਵਿਚਾਰ ਨਾ ਆਉਣ।

ਤੁਸੀਂ ਇਹਨੂੰ ਮੇਰੀ ਬੇਵਕੂਫ਼ੀ ਕਹਿ ਸਕਦੇ ਹੋ, ਪਰ ਮੈਂ ਨਾ ਬਖ਼ਸ਼ੇ ਜਾਣ ਯੋਗ ਪਾਪ ਯਾਨੀ ਪਵਿੱਤਰ ਆਤਮਾ ਦੇ ਖ਼ਿਲਾਫ਼ ਕੁਫ਼ਰ ਤੇ ਤੁਹਾਡੇ ਨਾਲ ਅਧਿਐਨ ਕਰਨਾ ਚਾਹ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਅਸੀਂ ਇਸ ਦਾ ਅਧਿਐਨ ਅਲੱਗ ਢੰਗ ਨਾਲ ਕਰੀਏ। ਮੈਂ ਚਾਹੁੰਦਾ ਹਾਂ ਕਿ ਅਸੀਂ ਇਸ ਵਿਸ਼ੇ ਨੂੰ *ਸੰਦਰਭ* ਵਿਚ ਹੀ ਵੇਖੀਏ। ਇਸ ਵਿਸ਼ੇ ਤੇ ਮੈਂ ਕਦੇ ਵਿਆਖਿਆਤਮਕ ਪਾਠ ਸੁਣਿਆ ਜਾਂ ਪੜ੍ਹਿਆ ਨਹੀਂ ਹੈ। ਪਰ ਅਸੀਂ ਇਸ ਪਾਠ ਵਿਚ ਇਹੀ ਢੰਗ ਵਰਤਾਂਗੇ।

ਮਰਹੂਮ ਜੀ. ਸੀ. ਬ੍ਰਿਵਰ ਨੇ ਕਿਹਾ ਸੀ ਕਿ ਬਹੁਤ ਸਾਰੇ ਲੋਕਾਂ ਨੇ ਉਸ ਕੋਲੋਂ ਪਵਿੱਤਰ ਆਤਮਾ ਦੇ ਖ਼ਿਲਾਫ਼ ਪਾਪ ਬਾਰੇ ਪੁੱਛਿਆ ਸੀ ਕਿ ਉਹ ਕੀ ਹੈ, ਅਤੇ ਇਹ ਸਵਾਲ ਪੁੱਛਣ ਵਾਲੇ ਚਾਰ ਤਰ੍ਹਾਂ ਦੇ ਲੋਕ ਸਨ: (1) ਕੁਝ ਤਾਂ ਸੱਚਮੁੱਚ ਜਾਣਨਾ ਚਾਹੁੰਦੇ ਸਨ ਕਿ ਇਹ ਪਾਪ ਕੀ ਹੈ, (2) ਕੁਝ ਸਿਰਫ਼ ਜਾਣਕਾਰੀ ਲਈ, (3) ਕੁਝ ਆਪਣੀ ਸਿੱਖਿਆ ਨੂੰ ਬਰਕਰਾਰ ਰੱਖਣਾ ਚਾਹੁੰਦੇ ਸਨ, ਅਤੇ (4) ਕੁਝ ਨੂੰ ਡਰ ਸੀ ਕਿ ਕਿਤੇ ਉਹਨਾਂ ਨੇ ਪਵਿੱਤਰ ਆਤਮਾ ਦੇ ਖ਼ਿਲਾਫ਼ ਨਾ ਬੋਲਿਆ ਹੋਵੇ। ਚੌਥੀ ਤਰ੍ਹਾਂ ਦੇ ਲੋਕਾਂ ਬਾਰੇ, ਇਨ੍ਹਾਂ ਵਿਚ ਬਹੁਤ ਗੰਭੀਰ ਅਤੇ ਵਿਸ਼ਵਾਸੀ ਲੋਕ ਸਨ ਜੋ ਇਸ ਸਹਿਮ ਵਿਚ ਰਹਿੰਦੇ ਹਨ ਕਿ ਉਹਨਾਂ ਨੇ ਨਾ ਬਖ਼ਸ਼ੇ ਜਾਣ ਯੋਗ ਜਾਂ ਅਜਿਹਾ ਪਾਪ ਕੀਤਾ ਹੈ ਜਿਸ ਦੀ ਮਾਫ਼ੀ ਨਹੀਂ ਹੋ ਸਕਦੀ। ਮੇਰੀ ਇਕ ਦੋਸਤ ਤਿੰਨ ਸਾਲ ਇਸੇ ਗੱਲ ਤੋਂ ਪਰੇਸ਼ਾਨ ਰਹੀ ਸੀ, ਅਤੇ ਮੈਨੂੰ ਹਫ਼ਤੇ ਵਿਚ ਇਕ ਦੋ ਵਾਰ ਬੁਲਾ ਲੈਂਦੀ ਸੀ ਤਾਂ ਕਿ ਮੈਂ ਉਸਨੂੰ ਯਕੀਨ ਦੁਆ ਸਕਾਂ ਕਿ ਉਹਨੇ ਇਹ ਪਾਪ ਨਹੀਂ ਕੀਤਾ ਸੀ।

ਇਹਨਾਂ ਆਇਤਾਂ ਬਾਰੇ ਜਾਂ ਇਸ ਪਾਪ ਬਾਰੇ ਤਾਂ ਮੈਨੂੰ ਸਭ ਕੁਝ ਪਤਾ ਨਹੀਂ, ਪਰ ਪਿਛਲੇ ਸਾਲਾਂ ਦੌਰਾਨ ਮੈਂ ਕਈ ਗੱਲਾਂ ਸਿੱਖੀਆਂ ਹਨ: (1) ਪਵਿੱਤਰ ਆਤਮਾ ਬਾਰੇ ਕੁਝ ਸੋਚਣਾ ਜਾਂ ਮੂਰਖਤਾ ਭਰੀ ਗੱਲ ਕਰਨਾ ਹੀ ਪਾਪ ਨਹੀਂ ਹੈ। ਸਿਰਫ਼ ਕੁਝ ਕਹਿਣ ਨਾਲ ਇਹ ਪਾਪ ਨਹੀਂ ਹੋ ਜਾਂਦਾ। (2) ਜੇ ਤੁਹਾਨੂੰ ਡਰ ਹੈ ਕਿ ਕਿਤੇ ਤੁਹਾਡੇ ਕੋਲੋਂ ਇਹ ਪਾਪ ਨਾ ਹੋ ਜਾਵੇ, ਤਾਂ ਤੁਸੀਂ ਇਹ ਪਾਪ ਨਹੀਂ ਕੀਤਾ ਹੈ। (ਮੈਨੂੰ ਉਮੀਦ ਹੈ ਕਿ ਇਸ ਗੱਲ ਦਾ ਕਾਰਣ ਅੱਗੇ ਚਲ ਕੇ ਸਪਸ਼ਟ ਹੋ ਜਾਵੇਗਾ।)

ਆਓ ਮੱਤੀ 12 ਅਧਿਆਇ ਵੱਲ ਚਲਦੇ ਹਾਂ। (ਤੁਸੀਂ ਇਸ ਨਾਲ ਮਿਲਦਾ ਹਵਾਲਾ ਮਰਕੁਸ 3 ਵੀ ਵੇਖੋ[2] ਅਤੇ ਉਸ ਨੂੰ ਦਿਮਾਗ਼ 'ਚ ਰੱਖੋ, ਕਿਉਂਕਿ ਉਸ ਅਧਿਆਇ ਵਿਚ ਅਸੀਂ ਕਈ ਗੱਲਾਂ ਵੱਲ ਧਿਆਨ ਦਿਆਂਗੇ।)

ਯਿਸੂ ਗਲੀਲ ਦੀ ਮਹਾਨ ਸੇਵਕਾਈ ਵਿਚ ਰੁੱਝਾ ਹੋਇਆ ਸੀ, ਸ਼ਾਇਦ ਉਹ ਕਫ਼ਰਨਾਹੂਮ ਪਰਤ ਗਿਆ ਸੀ। ‘‘ਤਦ ਲੋਕ ਇੱਕ ਅੰਨ੍ਹਾ ਗੁੰਗਾ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਉਹ ਦੇ ਕੋਲ ਲਿਆਏ ਅਤੇ ਉਸ ਨੇ ਉਹ ਨੂੰ ਅਜਿਹਾ ਚੰਗਾ ਕੀਤਾ ਜੋ ਗੁੰਗਾ ਬੋਲਣ, ਵੇਖਣ ਲੱਗਾ’’ (ਆਇਤ 22)। ਇੱਥੇ ਇਕ ਤਿਹਰਾ ਮੋਅਜਜ਼ਾ ਹੋਇਆ ਸੀ: ਯਿਸੂ ਨੇ ਇਸ ਅੰਨ੍ਹੇ ਨੂੰ ਸੁਜਾਖਾ ਕੀਤਾ ਸੀ, ਉਹਨੇ ਇਸ ਆਦਮੀ ਨੂੰ ਜਿਹੜਾ ਪਹਿਲਾਂ ਗੁੰਗਾ ਸੀ ਬੋਲਣ ਦੇ ਯੋਗ ਬਣਾ ਦਿੱਤਾ, ਅਤੇ ਉਸ ਵਿੱਚੋਂ ਭੂਤ ਕੱਢਿਆ ਸੀ।

‘‘ਅਤੇ ਸਾਰੇ ਲੋਕ ਅਚਰਜ ਹੋ ਕੇ ਬੋਲੇ, ਭਲਾ, ਇਹੋ ਦਾਊਦ ਦਾ ਪੁੱਤਰ ਨਹੀਂ ਹੈ?’’ (ਆਇਤ 23) ਅੰਗ੍ਰੇਜ਼ੀ ਦੇ ਨਿਊ ਇੰਟਰਨੈਸ਼ਨਲ ਵਰਜ਼ਨ ਵਿਚ ਇਸ ਦਾ ਅਨੁਵਾਦ, ‘‘ਭਲਾ ਇਹ ਦਾਊਦ ਦੀ ਸੰਤਾਨ ਹੋ *ਸਕਦਾ* ਹੈ?’’ ‘‘ਦਾਊਦ ਦੀ ਸੰਤਾਨ’’ ਮਸੀਹਾ ਨੂੰ ਕਿਹਾ ਗਿਆ

ਸੀ। ਲੋਕ ਕਹਿ ਰਹੇ ਸਨ, ''ਯਿਸੂ ਮਸੀਹਾ ਵਾਲੇ ਕੰਮ ਕਰ ਰਿਹਾ ਹੈ, ਪਰ ਉਹਨੇ ਉਹ ਸ਼ਾਹੀ ਲਿਬਾਸ ਨਹੀਂ ਪਹਿਨਿਆ ਜਿਵੇਂ ਮੰਨਿਆ ਜਾਂਦਾ ਸੀ ਕਿ ਮਸੀਹਾ ਪਹਿਨੇਗਾ। ਉਹ ਠਾਠ-ਬਾਠ ਨਾਲ ਨਹੀਂ ਆਇਆ ਸੀ।'' ਉਹਨਾਂ ਦੇ ਮਨਾਂ ਵਿਚ ਇਕ ਸਵਾਲ ਸੀ। ਉਹਨਾਂ ਦਾ ਖ਼ਿਆਲ ਸੀ ਕਿ ਯਿਸੂ ਮਸੀਹਾ ਹੋ ਸਕਦਾ ਹੈ, ਪਰ ਯਕੀਨ ਨਹੀਂ ਸੀ।

## ਦੋਸ਼ ਲਾਉਣ ਦੀ ਭੂਮਿਕਾ (ਮੱਤੀ 12:24-30)

ਅਸੀਂ ਬਾਈਬਲ ਦੇ ਉਸ ਭਾਗ ਵਿਚ ਆ ਗਏ ਹਾਂ ਜਿਸ ਨੂੰ ਮੈਂ ''ਤੁਹਮਤ ਲਾਉਣ ਦੀ ਭੂਮਿਕਾ'' ਦਾ ਨਾਂਅ ਦੇ ਰਿਹਾ ਹਾਂ। ਆਇਤ 24 ਸ਼ੁਰੂ ਹੁੰਦੀ ਹੈ, ''ਪਰ ਫ਼ਰੀਸੀਆਂ ਨੇ ਸੁਣਿਆ।'' ਕਿਉਂਕਿ ਇਹ ਪਾਪ ਜਿਹਨੂੰ ਯਿਸੂ ਨੇ ਨਾ ਬਖ਼ਸ਼ੇ ਜਾਣ ਯੋਗ ਪਾਪ ਕਿਹਾ, ਫ਼ਰੀਸੀਆਂ ਨੇ ਹੀ ਕੀਤਾ ਸੀ, ਇਸ ਲਈ ਉਹਨਾਂ ਬਾਰੇ ਜਾਣਕਾਰੀ ਹੋਣਾ ਜ਼ਰੂਰੀ ਹੈ। ਆਓ ਅਸੀਂ ਹਰ ਗੱਲ ਸੰਦਰਭ ਵਿਚ ਰੱਖੀਏ। ਮੱਤੀ 11 ਵਿਚ ਵਾਪਸ ਜਾ ਕੇ ਫ਼ਰੀਸੀਆਂ ਨੂੰ ਹਰ ਜਗ੍ਹਾ ਯਿਸੂ ਦੇ ਪਿੱਛੇ ਜਾਣਾ ਸ਼ੁਰੂ ਕਰਦਿਆਂ ਵੇਖੋ। ਉਹ ਯਿਸੂ ਦੀ ਅਲੋਚਨਾ ਕਰਦੇ ਸਨ; ਉਹ ਯਿਸੂ ਨੂੰ ਫਸਾਉਣ ਦੀ ਕੋਸ਼ਿਸ਼ ਕਰਦੇ ਸਨ; ਉਹ ਹਰ ਅਜਿਹੀ ਗੱਲ ਕਰਦੇ ਸਨ ਜਿਸ ਨਾਲ ਯਿਸੂ ਦੀ ਬਦਨਾਮੀ ਹੋਵੇ। ਮੱਤੀ 11:19 ਵਿਚ ਉਹਨਾਂ ਨੇ ਕਿਹਾ ਕਿ ਉਹ ''ਇਕ ਖਾਊ ਅਤੇ ਸ਼ਰਾਬੀ ਮਨੁੱਖ ਮਸੂਲੀਆਂ ਅਰ ਪਾਪੀਆਂ ਦਾ ਯਾਰ'' ਸੀ! ਮੱਤੀ 12 ਦੇ ਪਹਿਲੇ ਭਾਗ ਵਿਚ, ਦੋ ਵਾਰ ਉਹ ਸੱਬਤ ਨੂੰ ਤੋੜਨ ਦੇ ਸਬੰਧ ਵਿਚ ਯਿਸੂ ਨਾਲ ਝਗੜਨ ਆਏ। ਹੁਣ ਅਸੀਂ ਮੁੱਖ ਆਇਤ ਤੇ ਆ ਗਏ ਹਾਂ: ''ਤਦ ਫ਼ਰੀਸੀਆਂ ਨੇ ਬਾਹਰ ਜਾ ਕੇ ਉਹ ਦੇ ਵਿਰੁੱਧ ਮਤਾ ਕੀਤਾ ਜੋ ਕਿਸ ਤਰ੍ਹਾਂ ਉਹ ਦਾ *ਨਾਸ* ਕਰੀਏ'' (ਮੱਤੀ 12:14)।

ਨਾ ਬਖ਼ਸ਼ੇ ਜਾਣ ਯੋਗ ਪਾਪ ਵਾਲੀ ਯਿਸੂ ਦੀ ਗੱਲ ਤੇ ਆ ਕੇ, ਧਿਆਨ ਰੱਖੋ ਕਿ ਅਸੀਂ ਪ੍ਰਮੇਸ਼ਵਰ ਦੇ ਵਿਸ਼ਵਾਸੀ ਲੋਕਾਂ ਦੀ ਗੱਲ ਨਹੀਂ ਕਰ ਰਹੇ ਜਿਹੜੇ ਅਣਜਾਣੇ ਵਿਚ ਯਿਸੂ ਦੀ ਸੇਵਕਾਈ ਬਾਰੇ ਕੋਈ ਬੇਵਕੂਫ਼ੀ ਵਾਲੀ ਗੱਲ ਕਰਦੇ ਹਨ। ਅਸੀਂ ਉਹਨਾਂ ਲੋਕਾਂ ਦੀ ਗੱਲ ਕਰ ਰਹੇ ਹਾਂ ਜਿਹੜੇ ਬੜੇ ਚਿਰ ਤੋਂ ਇਹ ਕਰ ਰਹੇ ਹਨ। ਮੱਤੀ 12:24 ਵਿਚ ਫ਼ਰੀਸੀਆਂ ਦੀ ਗੱਲ ਉਸ ਦਿਸ਼ਾ ਕਾਰਣ ਸੀ ਜਿਹੜੀ ਉਹਨਾਂ ਨੇ ਫੜ੍ਹੀ ਸੀ।

ਹੁਣ ਅਸੀਂ ਆਇਤ 24 ਖ਼ਤਮ ਕਰਦੇ ਹਾਂ: ''ਪਰ ਫ਼ਰੀਸੀਆਂ ਨੇ ਸੁਣ ਕੇ ਕਿਹਾ ਜੋ ਇਹ ਭੂਤਾਂ ਦੇ ਸਰਦਾਰ ਬਆਲਜ਼ਬੂਲ ਦੀ ਸਹਾਇਤਾ ਬਿਨਾਂ ਭੂਤਾਂ ਨੂੰ ਨਹੀਂ ਕੱਢਦਾ।''

ਯਿਸੂ ਦੇ ਮੋਅਜਜ਼ਿਆਂ ਦੀਆਂ ਤਿੰਨ ਖਾਮੀਆਂ ਸਨ: (1) ਉਹ ਓਸੇ ਵੇਲੇ ਹੁੰਦੇ ਸਨ, (2) ਉਹ ਮੁਕੰਮਲ ਹੁੰਦੇ ਸਨ, ਅਤੇ (3) ਉਹ *ਯਕੀਨ ਦੁਆਉਣ ਵਾਲੇ* ਸਨ। ਕੋਈ ਇਹ ਇਨਕਾਰ ਨਹੀਂ ਕਰ ਸਕਦਾ ਸੀ ਕਿ ਯਿਸੂ ਨੇ ਮੋਅਜਜ਼ੇ ਕੀਤੇ ਸਨ। ਉਹਦੇ ਦੁਸ਼ਮਣਾਂ ਨੇ ਵੀ ਇਹ ਇਨਕਾਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਮੋਅਜਜ਼ੇ ਕਰ ਰਿਹਾ ਹੈ। ਸਗੋਂ ਉਹਨਾਂ ਦਾ ਕਹਿਣਾ ਸੀ, ''ਹਾਂ ਕਰ ਤਾਂ ਰਿਹਾ ਹੈ ਪਰ *ਜਾਦੂਗਰੀ* ਨਾਲ।'' ਇਸ ਸੰਦਰਭ ਵਿਚ, ''ਬਆਲਜ਼ਬੂਲ'' ''ਸ਼ੈਤਾਨ'' ਦਾ ਸਮਾਨ-ਅਰਥਕ ਹੈ (ਆਇਤ 26)। ਫ਼ਰੀਸੀਆਂ ਦੇ ਕਹਿਣ ਤੋਂ ਭਾਵ ਸੀ ਕਿ ''ਯਿਸੂ ਦਾ ਸ਼ੈਤਾਨ ਨਾਲ ਸਮਝੌਤਾ ਹੈ, ਅਤੇ ਇਸੇ ਕਰਕੇ ਉਹ ਭੂਤਾਂ ਨੂੰ ਕੱਢ ਸਕਦਾ ਹੈ।''

ਸੰਯੋਗ ਨਾਲ, ਉਹਨਾ ਦੇ ਕੁਫ਼ਰ ਦੀ ਇਹ ਬਕਵਾਸ ਯਿਸੂ ਦੀ ਮੌਤ ਨਾਲ ਹੀ ਨਹੀਂ ਮੁੱਕ ਗਈ। ਕਲੀਸੀਆ ਦੇ ਇਤਿਹਾਸਕਾਰ ਦੱਸਦੇ ਹਨ ਕਿ ਅਗਲੇ ਸਾਲਾਂ ਦੌਰਾਨ ਯਹੂਦੀਆਂ ਦੇ

ਸਮਰਥਕ ਇਹੀ ਦਾਅਵਾ ਕਰਦੇ ਰਹੇ ਕਿ ਯਿਸੂ ਜੋ ਵੀ ਕਰਦਾ ਸੀ ਉਹ ਜਾਂ ਤਾਂ ਜਾਦੂ ਸੀ ਜਾਂ ਕਾਲਾ ਇਲਮ। ਉਹ ਉਹਦੇ ਮੋਅਜਜ਼ਿਆਂ ਦਾ ਇਨਕਾਰ ਨਹੀਂ ਕਰ ਸਕੇ ਸਨ; ਪਰ ਇਹ ਕਹਿੰਦੇ ਸਨ ਕਿ ਉਹ ਨਾਪਾਕ ਸ਼ਕਤੀ ਨਾਲ ਇਹ ਕੰਮ ਕਰਦਾ ਸੀ।

ਆਇਤ 25 ਅਨੁਸਾਰ, ਯਿਸੂ ਫ਼ਰੀਸੀਆਂ ਦੇ ਮਨਾਂ ਦੀਆਂ ਗੱਲਾਂ ਜਾਣਦਾ ਸੀ। ਉਹਨਾਂ ਨੇ ਕੁਫ਼ਰ ਦੀ ਗੱਲ ਉਹਦੇ ਨਾਲ ਨਹੀਂ ਕੀਤੀ; ਇਹ ਗੱਲ ਉਹਨਾਂ ਨੇ ਯਿਸੂ ਨੂੰ ਬਦਨਾਮ ਕਰਨ ਦੇ ਮਕਸਦ ਨਾਲ ਕਿਸੇ ਹੋਰ ਜਗ੍ਹਾ ਕੀਤੀ ਸੀ। ਪਰ ਯਿਸੂ ਜਾਣਦਾ ਸੀ ਕਿ ਉਹ ਕੀ ਸੋਚਦੇ ਹਨ। ਇਸ ਲਈ ਮਿਹਰਬਾਨੀ ਕਰਕੇ ਧਿਆਨ ਦਿਓ ਕਿ ਯਿਸੂ ਸਿਰਫ ਬੋਲੇ ਜਾਣ ਵਾਲੇ ਕੁਝ ਕੁ *ਸ਼ਬਦਾਂ* ਬਾਰੇ ਨਹੀਂ ਕਹਿ ਰਿਹਾ ਸੀ। ਯਿਸੂ ਨੇ ਉਹਨਾਂ ਦੇ *ਦਿਲਾਂ* ਅਤੇ ਦਿਮਾਗ਼ਾਂ ਨੂੰ ਵੇਖ ਲਿਆ ਸੀ। *ਇਸੇ* ਦੇ ਜਵਾਬ ਵਿਚ ਉਹਨੇ ਇਹ ਗੱਲ ਕਹੀ ਸੀ।

''ਪਰ ਉਸ ਨੇ ਉਨ੍ਹਾਂ ਦੀ ਸੋਚ ਵਿਚਾਰ ਜਾਣ ਕੇ ਉਨ੍ਹਾਂ ਨੂੰ ਆਖਿਆ ... ।'' ਫਿਰ ਯਿਸੂ ਨੇ ਤਿੰਨ ਤਰਕ ਦਿੱਤੇ ਕਿ ਉਹਨਾਂ ਦੀ ਗੱਲ ਦਾ ਇਹ ਅਰਥ ਕਿਉਂ ਨਹੀਂ ਸੀ। ਉਹਦਾ ਪਹਿਲਾ ਤਰਕ ਸੀ ''ਤੁਹਾਡੀ ਗੱਲ *ਬੇਤੁਕੀ* ਹੈ।'' ਉਹਨੇ ਕਿਹਾ:

> ਜਿਸ ਕਿਸੇ ਰਾਜ ਵਿੱਚ ਫੁੱਟ ਪੈਂਦੀ ਹੈ ਸੋ ਵਿਰਾਨ ਜੋ ਜਾਂਦਾ ਹੈ ਅਤੇ ਜਿਸ ਕਿਸੇ ਨਗਰ ਅਥਵਾ ਘਰ ਵਿਚ ਫੁੱਟ ਪੈਂਦੀ ਹੈ ਉਹ ਕਾਇਮ ਨਾ ਰਹੇਗਾ। ਅਤੇ ਜੇ ਸ਼ੈਤਾਨ ਹੀ ਸ਼ੈਤਾਨ ਨੂੰ ਕੱਢਦਾ ਹੈ ਤਾਂ ਉਹ ਦੇ ਆਪਣੇ ਆਪ ਵਿਚ ਹੀ ਫੁੱਟ ਪੈ ਗਈ ਹੈ। ਫਿਰ ਉਹਦਾ ਰਾਜ ਕਿੱਕੁਰ ਕਾਇਮ ਰਹੇ? (ਆਇਤ 25ਅ, 26)।

ਜੇ ਉਹਨਾਂ ਦੀ ਗੱਲ ਸੱਚ ਸੀ, ਤਾਂ ਸ਼ੈਤਾਨ ਆਪਣੇ ਹੀ ਖ਼ਿਲਾਫ਼ ਗ੍ਰਹਿ-ਯੁੱਧ ਵਿਚ ਲੱਗਾ ਹੋਇਆ ਸੀ। ਯਾਨੀ ਉਹ ਆਪਣੀ ਹੀ ਬਰਬਾਦੀ ਕਰ ਰਿਹਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਸ਼ੈਤਾਨ ਬੇਵਕੂਫ਼ ਹੈ। ਤੁਸੀਂ ਸ਼ੈਤਾਨ ਬਾਰੇ ਜੋ ਵੀ ਕਹਿਣਾ ਚਾਹੋ ਕਹਿ ਸਕਦੇ ਹੋ ਕਿਉਂਕਿ ਉਹ ਹੈ ਹੀ ਬੁਰਾ, ਪਰ ਬੇਵਕੂਫ਼ *ਨਹੀਂ* ਹੈ। ਇਸੇ ਲਈ ਯਿਸੂ ਦੇ ਕਹਿਣ ਤੋਂ ਭਾਵ ਸੀ ਕਿ ''ਤੁਹਾਡੀ ਗੱਲ ਬਿਲਕੁਲ ਬੇਤੁਕੀ ਹੈ।''

ਦੂਸਰਾ ਯਿਸੂ ਨੇ ਕਿਹਾ ਕਿ ਉਹਨਾਂ ਦੀ ਗੱਲ ਆਪਸ ਵਿਚ *ਮੇਲ ਨਹੀਂ* ਖਾਂਦੀ ''ਅਰ ਜੇ ਮੈਂ ਬਆਲਜ਼ਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਤੁਹਾਡੇ ਪੁੱਤਰ ਕਿਹਦੀ ਸਹਾਇਤਾ ਨਾਲ ਕੱਢਦੇ ਹਨ। ਇਸ ਲਈ ਤੁਹਾਡਾ ਨਿਆਉਂ ਕਰਨ ਵਾਲੇ ਉਹੋ ਹੋਣਗੇ'' (ਆਇਤ 27)। ਉਸ ਸਮੇਂ ਭੂਤ-ਪ੍ਰੇਤ ਯਹੂਦੀਆਂ ਵਿਚ ਆਮ ਗੱਲ ਸੀ; ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਤੁਹਾਨੂੰ ਇਸ ਦੀਆਂ ਉਦਾਹਰਣਾਂ ਮਿਲ ਸਕਦੀਆਂ ਹਨ। ਪਰ ਬਾਈਬਲ ਤੋਂ ਬਾਹਰ ਦਾ ਇਤਿਹਾਸ ਸਾਨੂੰ ਦੱਸਦਾ ਹੈ ਕਿ ਜਿਹੜੇ ਕੰਮ ਯਹੂਦੀ ਲੋਕ ਕਰ ਰਹੇ ਸਨ ਉਹ, ਉਹ ਨਹੀਂ ਸਨ ਜਿਹੜੇ ਯਿਸੂ ਅਤੇ ਚੇਲਿਆਂ ਨੇ ਕੀਤੇ। ਯਹੂਦੀ ਝਾੜਫੂਕ, ਮੰਤਰਾਂ ਅਤੇ ਹੋਰ ਰਹੱਸਵਾਦੀ ਗੱਲਾਂ ਵਾਲਾ ਜਾਦੂ-ਟੂਣੇ ਦੀ ਇਕ ਲੰਮੀ ਪ੍ਰਕ੍ਰਿਆ ਵਾਲਾ, ਇਕ ਤਰ੍ਹਾਂ ਦਾ ਕਾਲਾ-ਇਲਮ ਹੈ। ਇਹ ਯਿਸੂ ਦੇ ਕਿਸੇ ਭੂਤ ਨਾਲ *ਗੱਲ ਕਰਨ* ਅਤੇ ਇਹ ਕਹਿਣ ਤੋਂ ਕਿ ''ਚਲਿਆ ਜਾਹ!'' ਬਿਲਕੁਲ ਫ਼ਰਕ ਸੀ। ਫਿਰ ਵੀ ਯਹੂਦੀ *ਦਾਅਵਾ ਕਰਦੇ ਸਨ* ਕਿ ਉਹਨਾਂ ਦੇ ਚੇਲੇ ਭੂਤ ਕੱਢਦੇ ਹਨ। ਜਿੱਥੋਂ ਤਕ ਯਿਸੂ ਦੇ ਤਰਕ ਦੀ ਗੱਲ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਸੱਚਮੁੱਚ ਇਹ ਕੰਮ ਕਰਦੇ ਸਨ ਜਾਂ ਨਹੀਂ। ਖ਼ਾਸ ਗੱਲ ਇਹ ਹੈ ਕਿ ਫ਼ਰੀਸੀ *ਮੰਨਦੇ ਸਨ* ਕਿ ਉਹ ਇਹ ਕੰਮ ਕਰਦੇ ਸਨ। ਇਸ ਲਈ

ਯਿਸੂ ਨੇ ਇਹ ਤਰਕਸੰਗਤ ਨਿਚੋੜ ਕੱਢਣ ਲਈ ਅਤੇ ਇਹ ਵਿਖਾਉਣ ਲਈ ਕਿ ਉਹਨਾਂ ਦੀ ਗੱਲ ਕਿੰਨੀ ਬੇਤੁਕੀ ਹੈ ਉਹਨਾਂ ਦੇ ਤਰਕ ਨੂੰ ਉਹਨਾਂ ਦੇ ਹੀ ਖ਼ਿਲਾਫ਼ ਵਰਤਿਆ। ਯਾਨੀ ਯਿਸੂ ਕਹਿ ਰਿਹਾ ਸੀ ਕਿ ''ਜੇ ਮੈਂ ਸ਼ੈਤਾਨ ਦੀ ਸ਼ਕਤੀ ਨਾਲ ਭੂਤ ਕੱਢਦਾ ਹਾਂ, ਤਾਂ ਤੁਹਾਡੇ ਚੇਲੇ ਵੀ ਇਸੇ ਤਰ੍ਹਾਂ ਕੱਢਦੇ ਹੋਣਗੇ।'' ਬੇਸ਼ੱਕ ਫ਼ਰੀਸੀ ਇਹ ਮੰਨਣ ਕਰਨ ਲਈ ਤਿਆਰ ਨਹੀਂ ਸਨ। ਇਸ ਲਈ ਯਿਸੂ ਇਹ ਤਰਕ ਦੇ ਰਿਹਾ ਸੀ ਕਿ ''ਤੁਸੀਂ ਬੇਅਸੂਲੇ ਹੋ।''

ਯਿਸੂ ਨੇ ਅੱਗੇ ਕਿਹਾ, ''ਪਰ ਜੇ ਮੈਂ ਪ੍ਰਮੇਸ਼ਵਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਪ੍ਰਮੇਸ਼ਵਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ'' (ਆਇਤ 28)। ਯਿਸੂ ਇਹ ਨਹੀਂ ਕਹਿ ਰਿਹਾ ਸੀ ਕਿ ਰਾਜ ਪਹਿਲਾਂ ਹੀ ਆ ਚੁੱਕਿਆ ਹੈ ਕਿਉਂਕਿ ਰਸੂਲਾਂ ਦੇ ਕੰਮ 2 ਅਧਿਆਇ ਤੋਂ ਪਹਿਲਾਂ ਇਹ ਨਹੀਂ ਆਇਆ ਸੀ। ਸਗੋਂ ਯਿਸੂ ਇਸ ਗੱਲ ਨੂੰ ਮੰਨ ਰਿਹਾ ਸੀ ਕਿ ਲੋਕਾਂ ਦਾ ਅੰਦਾਜ਼ਾ ਬਿਲਕੁਲ ਸਹੀ ਸੀ। ਮਸੀਹਾ ਆ ਚੁੱਕਿਆ *ਸੀ*।ਜ਼ਬੂਰ 2 ਅਤੇ ਹੋਰ ਆਇਤਾਂ ਵਿਚ ਇਹ ਜ਼ੋਰ ਦਿੱਤਾ ਗਿਆ ਸੀ ਕਿ ਮਸੀਹਾ ਨੇ ਰਾਜਾ ਬਣਕੇ ਆਉਣਾ ਸੀ, ਅਤੇ ਜੇ ਰਾਜਾ ਆ ਚੁੱਕਿਆ ਸੀ, ਤਾਂ ਇਸ ਦਾ ਅਰਥ ਇਹ ਹੋਇਆ ਕਿ ਰਾਜ ਵੀ ਆ ਗਿਆ ਸੀ। ਇਸ ਲਈ ਯਿਸੂ ਕਹਿ ਰਿਹਾ ਸੀ ਕਿ ਬਆਲਜ਼ਬੂਲ ਦੀ ਸਹਾਇਤਾ ਨਾਲ ਨਹੀਂ ਸਗੋਂ ਭੂਤ ਉਸ ਦੀ ਸ਼ਕਤੀ ਨਾਲ ਕੱਢੇ ਜਾ ਰਹੇ ਹਨ ਜਿਹੜਾ ਰਾਜਾ ਬਣਕੇ ਆ ਗਿਆ ਸੀ! ਜਿਸ ਰਾਜੇ ਦੀ ਰਾਹ ਉਹ ਤੱਕ ਰਹੇ ਸਨ, ਅਤੇ ਉਹ ਇਸ ਹਕੀਕਤ ਨੂੰ ਤਾਂ ਹੀ ਵੇਖ ਸਕਦੇ ਸਨ ਜੇ ਆਪਣੀਆਂ ਅੱਖਾਂ ਅਤੇ ਮਨਾਂ ਨੂੰ ਖੋਲ੍ਹਦੇ।

ਆਇਤ 28 ਵਿਚ ''ਪ੍ਰਮੇਸ਼ਵਰ ਦੇ ਆਤਮਾ'' ਤੇ ਨਿਸ਼ਾਨ ਲਗਾ ਲਓ। ਯਿਸੂ ਜ਼ੋਰ ਦੇ ਕੇ ਇਹ ਕਹਿ ਰਿਹਾ ਸੀ ਕਿ ''ਮੈਂ ਇਹ ਕੰਮ ਬਆਲਜ਼ਬੂਲ ਦੀ ਆਤਮਾ ਨਾਲ ਨਹੀਂ ਸਗੋਂ, *ਪ੍ਰਮੇਸ਼ਵਰ* ਦੇ ਆਤਮਾ ਨਾਲ ਕਰ ਰਿਹਾ ਹਾਂ।''

ਯਿਸੂ ਦੀ ਅਗਲੀ ਦਲੀਲ ਸੀ: ''ਤੁਹਾਡੀ ਗੱਲ ਬਿਲਕੁਲ *ਨਾਮੁਮਕਨ* ਹੈ।'' ਉਹਨੇ ਕਿਹਾ, ''ਅਥਵਾ ਕੋਈ ਕਿਸੇ ਜ਼ੋਰਾਵਰ ਦੇ ਘਰ ਵਿਚ ਵੜ ਕੇ ਉਹ ਦਾ ਮਾਲ ਕਿੱਕੁਰ ਲੁੱਟ ਸਕਦਾ ਹੈ ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹ ਦਾ ਘਰ ਲੁੱਟੇਗਾ'' (ਆਇਤ 29)। ਉਸ ਸੰਖੇਪ ਦ੍ਰਿਸ਼ਟਾਂਤ ਵਿਚ (ਜਿਵੇਂ ਮਰਕੁਸ 3 ਵਿਚ ਕਿਹਾ ਗਿਆ ਹੈ) ਜ਼ੋਰਾਵਰ ਸ਼ੈਤਾਨ ਨੂੰ ਕਿਹਾ ਗਿਆ ਹੈ। ਆਪਣੇ ਵਿਰੋਧੀ ਨੂੰ ਕਦੇ ਕਮਜ਼ੋਰ ਨਾ ਸਮਝੋ; ਸ਼ੈਤਾਨ ਨੂੰ *ਜ਼ੋਰਾਵਰ* ਵਿਰੋਧੀ ਕਿਹਾ ਗਿਆ ਹੈ। ਪਰ ਯਿਸੂ ਦੀ ਉਦਾਹਰਣ ਅਨੁਸਾਰ ਉਸ ਤੋਂ *ਜ਼ੋਰਾਵਰ* ਨੇ ਆ ਕੇ ਉਹਨੂੰ ਬੰਨ੍ਹ ਲਿਆ, ਅਤੇ ਉਹਦਾ ਘਰ ਲੁੱਟ ਲਿਆ। ਭੂਤਾਂ ਨੂੰ ਕੱਢ ਕੇ ਯਿਸੂ ਇਹੀ ਕਰ ਰਿਹਾ ਸੀ।

ਸ਼ੈਤਾਨ ਨੂੰ ਬੰਨ੍ਹਣ ਦਾ ਵਿਸ਼ਾ ਬੜਾ ਦਿਲਚਸਪ ਹੈ। ਸ਼ੈਤਾਨ ਦੇ ''ਬੰਨ੍ਹਣ'' ਦਾ ਕੰਮ ਉਹਦੀ ਸ਼ਕਤੀ ਨੂੰ ਸੀਮਤ ਕਰਕੇ ਅਤੇ ਲੋਕਾਂ ਉੱਤੇ ਉਹਦਾ ਪ੍ਰਭਾਵ ਘਟਾ ਕੇ ਹੀ ਕੀਤਾ ਜਾਣਾ ਸੀ। ਸ਼ੈਤਾਨ ਨੂੰ ਬੰਨ੍ਹਿਆ ਗਿਆ ਸੀ ਜਦ ਯਿਸੂ ਸਲੀਬ ਤੇ ਮਰਿਆ ਸੀ; ਯਿਸੂ ਦੀ ਮੌਤ ਨਾਲ ਮਨੁੱਖ ਜਾਤੀ ਉੱਤੇ ਸ਼ੈਤਾਨ ਦਾ ਅਧਿਕਾਰ ਖ਼ਤਮ ਹੋ ਗਿਆ (ਕੁਲੁੱਸੀਆਂ 2:14, 15; ਪ੍ਰਕਾਸ਼ ਦੀ ਪੋਥੀ 12:10, 11)। ਸ਼ੈਤਾਨ ਦਾ ਬੰਨ੍ਹਿਆ ਜਾਣਾ ਇਕ ਤਰ੍ਹਾਂ ਨਾਲ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦ ਯਿਸੂ ਨੇ ਜੰਗਲ ਵਿਚ ਸ਼ੈਤਾਨ ਦੀਆਂ ਅਜ਼ਮਾਇਸ਼ਾਂ ਦਾ ਮੁਕਾਬਲਾ ਕੀਤਾ ਸੀ ਅਤੇ ਇਹ ਬੰਨ੍ਹਿਆ ਜਾਣਾ ਯਿਸੂ ਦੀ ਸੇਵਕਾਈ ਦੌਰਾਨ ਜਾਰੀ ਰਿਹਾ। ਯਿਸੂ ਦੇ ਸਲੀਬ ਤੇ ਚੜ੍ਹਾਏ ਜਾਣ ਸਮੇਂ ਗੰਢ ਦੇਣ ਤਕ ਰੱਸੀਆਂ ਜਿਹਨਾਂ ਨਾਲ ਸ਼ੈਤਾਨ ਨੂੰ ਬੰਨ੍ਹਿਆ ਗਿਆ ਸੀ ਹੋਰ ਖਿੱਚੀਆਂ ਜਾਂਦੀਆਂ ਰਹੀਆਂ।

ਯਿਸੂ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਸ਼ੈਤਾਨ ਤੇ ਉਹਦੀ ਸ਼ਕਤੀ ਵਿਖਾਉਣ ਦਾ ਇਸ

ਦੇ ਬਗੈਰ ਹੋਰ ਕੋਈ ਤਰੀਕਾ ਨਹੀਂ। ਉਹ ਇਹ ਕੰਮ ਸ਼ੈਤਾਨ ਦੀ *ਸ਼ਕਤੀ ਨਾਲ* ਨਹੀਂ ਕਰ ਰਿਹਾ ਸੀ; ਸਗੋਂ ਉਹ ਤਾਂ ਸ਼ੈਤਾਨ *ਉੱਤੇ ਆਪਣੇ ਅਧਿਕਾਰ* ਦਾ ਪ੍ਰਗਟਾਵਾ ਕਰ ਰਿਹਾ ਸੀ।

ਜਿਵੇਂ ਉਹ ਕਹਿ ਰਿਹਾ ਹੋਵੇ ਕਿ ਉਹਦੇ ਅਤੇ ਸ਼ੈਤਾਨ ਦੇ ਦਰਮਿਆਨ ਇਕ ਖ਼ਤਰਨਾਕ ਜੰਗ ਚੱਲ ਰਹੀ ਹੈ! ਅਗਲੀ ਆਇਤ ਵਿਚ, ਉਹਨੇ ਕਿਹਾ ਕਿ ਇਸ ਰੂਹਾਨੀ ਜੰਗ ਵਿਚ ਹਰ ਇਨਸਾਨ ਲਈ ਦੋਹਾਂ ਵਿੱਚੋਂ ਇਕ ਪਾਸੇ ਹੋਣਾ ਜ਼ਰੂਰੀ ਹੈ: ''ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ ਅਤੇ ਜੋ ਮੇਰੇ ਸੰਗ ਇਕੱਠਾ ਨਹੀਂ ਕਰਦਾ ਸੋ ਖਿੰਡਾਉਂਦਾ ਹੈ'' (ਆਇਤ 30)। ਯਿਸੂ ਚੇਲਿਆਂ ਨੂੰ ਰਾਜ ਕਾਇਮ ਕਰਨ ਲਈ ਤਿਆਰ ਕਰਨ ਲਈ *ਇਕੱਠਾ* ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਦੂਜੇ ਪਾਸੇ ਫ਼ਰੀਸੀ ਉਹਦੀ ਬਦਨਾਮੀ ਕਰਨ ਅਤੇ ਉਹਦੇ ਚੇਲਿਆਂ ਨੂੰ *ਖਿੰਡਾਉਣ* ਦੀ ਕੋਸ਼ਿਸ਼ ਕਰ ਰਹੇ ਸਨ ਜਿਸ ਨਾਲ ਉਹ ਯਿਸੂ ਮਸੀਹ ਦੇ ਪਿੱਛੇ ਚੱਲਣਾ ਬੰਦ ਕਰ ਦੇਣ। ਯਿਸੂ ਕਹਿ ਰਿਹਾ ਸੀ (ਸਿਰਫ਼ ਫ਼ਰੀਸੀਆਂ ਨੂੰ ਹੀ ਨਹੀਂ ਸਗੋਂ ਸਭ ਸੁਣਨ ਵਾਲਿਆਂ ਨੂੰ ਜਿਸ ਵਿਚ ਅੱਜ ਦੇ ਸੁਣਨ ਵਾਲੇ ਵੀ ਸ਼ਾਮਲ ਹਨ): ''ਇਹ ਤੁਸਾਂ ਫੈਸਲਾ ਕਰਨਾ ਹੈਣ ਹੈ ਕਿ ਕਿਸ ਪਾਸੇ ਜਾਣਾ ਹੈ!'' ਯਿਸੂ ਮਸੀਹ ਦੀ ਨਜ਼ਰ ਵਿਚ ਉਦਾਸੀਨਤਾ ਵਾਲੀ ਕੋਈ ਜਗ੍ਹਾ ਨਹੀਂ ਹੈ।

**ਤ੍ਰਾਹ ਕੱਢਣ ਵਾਲਾ ਐਲਾਨ (ਮੱਤੀ 12:31, 32)**

ਅਸੀਂ 31 ਅਤੇ 32 ਆਇਤਾਂ ਦੇ ''ਤ੍ਰਾਹ ਕੱਢਣ ਵਾਲਾ ਐਲਾਨ'' ਲਈ ਤਿਆਰ ਹਾਂ।

ਆਇਤ 31 ਸ਼ੁਰੂ ਹੁੰਦੀ ਹੈ, ''ਇਸ ਲਈ [ਉਸ ਅਧਾਰ ਤੇ ਜੋ ਹੁਣੇ, ਹੁਣੇ ਹੋਇਆ ਸੀ, ਜੋ ਉਹਨਾਂ ਨੇ ਕਿਹਾ ਸੀ ਅਤੇ ਜੋ ਮੈਂ ਕਿਹਾ ਹੈ] ਮੈਂ ਤੁਹਾਨੂੰ ਆਖਦਾ ਹਾਂ ਜੋ ਹਰੇਕ ਪਾਪ ਅਤੇ ਕੁਫ਼ਰ ਮਨੁੱਖਾਂ ਨੂੰ ਮਾਫ਼ ਕੀਤਾ ਜਾਵੇਗਾ।'' ਯਿਸੂ ਇਹ ਕਹਿ ਰਿਹਾ ਸੀ ਕਿ ''ਮੈਂ ਜੋ ਕਹਿਣ ਵਾਲਾ ਹਾਂ ਅਤੇ ਜਿਸ ਕੁਫ਼ਰ ਦਾ ਮੈਂ ਜ਼ਿਕਰ ਕਰਦਾ ਹਾਂ ਉਹਨੂੰ ਛੱਡ ਕੇ ਹਰ ਪਾਪ ਮਾਫ਼ ਕੀਤਾ ਜਾਵੇਗਾ।''

ਯਿਸੂ ਨੇ ਕਿਸ ''ਕੁਫ਼ਰ'' ਦੀ ਗੱਲ ਕਹੀ ਹੈ? ਅਨੁਵਾਦ ਹੋਏ ਸ਼ਬਦ ''ਕੁਫ਼ਰ'' ਦਾ ਮੂਲ ਅਰਥ ''ਦੇ ਖ਼ਿਲਾਫ਼ ਬੋਲਣਾ'' ਹੈ। ਕੁਫ਼ਰ ਖ਼ਾਸ ਤੌਰ ਤੇ ਪ੍ਰਮੇਸ਼ਵਰ ਦੇ ਖ਼ਿਲਾਫ਼ ਅਤੇ ਪਵਿੱਤਰ ਵਸਤਾਂ ਦੀ ਬੇਮੇਲ ਵਰਤੋਂ ਨੂੰ ਕਿਹਾ ਜਾਂਦਾ ਹੈ। ਪੁਰਾਣੇ ਨੇਮ ਵਿਚ, ਕੁਫ਼ਰ ਉਹਨਾਂ ਪਾਪਾਂ ਵਿੱਚੋਂ ਸੀ ਜਿਨ੍ਹਾਂ ਦੀ ਸਜ਼ਾ ਮੌਤ ਸੀ। ਉਹਦੇ ਮੁਕਾਬਲੇ, ਯਿਸੂ ਨੇ ਕਿਹਾ, ''ਹਰ ਪਾਪ ਅਤੇ ਕੁਫ਼ਰ ਮਾਫ਼ ਕੀਤਾ ਜਾਵੇਗਾ।'' ਪੌਲੁਸ ਉੱਤੇ ਕੁਫ਼ਰ ਦਾ ਹੀ ਦੋਸ਼ ਸੀ, ਪਰ ਉਹ ਮਾਫ਼ ਕੀਤਾ ਗਿਆ (1 ਤਿਮੋਥਿਉਸ 1:13, 15)।

ਫਿਰ ਇਹ ਕਹਿਣ ਦੇ ਬਾਅਦ ਕਿ ਹੋਰ ਹਰ ਤਰ੍ਹਾਂ ਦਾ ਕੁਫ਼ਰ ਮਾਫ਼ ਹੋ ਸਕਦਾ ਹੈ, ਯਿਸੂ ਨੇ ਕਿਹਾ, ''ਪਰ ਉਹ ਕੁਫ਼ਰ ਜਿਹੜਾ ਆਤਮਾ ਦੇ ਵਿਰੁੱਧ ਹੋਵੇ ਮਾਫ਼ *ਨਹੀਂ* ਕੀਤਾ ਜਾਵੇਗਾ'' (ਆਇਤ 31ਅ)। ਤ੍ਰਾਹ ਕੱਢਣ ਵਾਲੀ ਗੱਲ ਹੈ ਕਿ ਨਹੀਂ?

ਅਗਲੀ ਆਇਤ ਵਿਚ, ਪਵਿੱਤਰ ਆਤਮਾ ਦੇ ਖ਼ਿਲਾਫ਼ ਕੁਫ਼ਰ ਬਾਰੇ ਹੋਰ ਪਤਾ ਲਗਦਾ ਹੈ: ''ਅਤੇ ਜੋ ਕੋਈ ਮਨੁੱਖ ਦੇ ਪੁੱਤਰ ਦੇ ਵਿਰੁੱਧ ਗੱਲ ਕਰੇ ਉਹ ਨੂੰ ਮਾਫ਼ ਕੀਤਾ ਜਾਵੇਗਾ ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਰੇ ਇਹ ਉਸ ਨੂੰ ਨਾ ਇਸ ਯੁੱਗ ਵਿਚ ਨਾ ਆਉਣ ਵਾਲੇ ਯੁੱਗ ਵਿਚ ਮਾਫ਼ ਕੀਤਾ ਜਾਵੇਗਾ'' (ਆਇਤ 32)।

ਸਦੀਆਂ ਤੋਂ, ਕਈ ਧਾਰਨਾਵਾਂ ਬਣੀਆਂ ਹਨ ਕਿ ਕਿਹੜਾ ਪਾਪ ਮਾਫ਼ ਹੋ ਸਕਦਾ ਹੈ। ਕਈਆਂ ਦਾ ਕਹਿਣਾ ਹੈ ਕਿ ਵਿਭਚਾਰ ਦਾ ਪਾਪ ਮਾਫ਼ ਹੋ ਸਕਦਾ ਹੈ। ਕਈਆਂ ਦਾ ਕਹਿਣਾ ਹੈ ਕਿ ਕਤਲ ਦਾ ਪਾਪ ਮਾਫ਼ ਹੋ ਸਕਦਾ ਹੈ। ਐਨੇ ਸਾਲਾਂ ਦੌਰਾਨ ਇੱਕੋ ਆਮ ਸਿੱਖਿਆ ਬਣੀ ਹੈ,

ਖੁਦਕਸ਼ੀ। ਕਿਉਂਕਿ ਜੇ ਕਿਸੇ ਨੇ ਆਪਣੇ ਆਪ ਨੂੰ ਆਪੇ ਮਾਰਿਆ ਹੈ, ਤਾਂ ਉਹਨੂੰ ਤੌਬਾ ਕਰਨ ਦਾ ਮੌਕਾ ਨਹੀਂ ਮਿਲਦਾ ਹੈ। ਫਿਰ ਵੀ ਉਹ *ਨਾ ਬਖ਼ਸ਼ੇ ਜਾਣ ਯੋਗ* ਪਾਪ ਹੈ, ਨਾ ਕਿ *ਨਾ ਮਾਫ਼ ਹੋਣ ਯੋਗ* ਪਾਪ। ਯਿਸੂ ਅਜਿਹੇ ਪਾਪ ਦੀ ਗੱਲ ਨਹੀਂ ਕਰ ਰਿਹਾ ਸੀ, ਜਿਹੜਾ ਕੀਤਾ ਗਿਆ ਅਤੇ ਫਿਰ ਉਹਦੀ ਮੁਆਫ਼ੀ ਨਹੀਂ ਹੈ, ਭਾਵੇਂ ਉਹਦੇ ਬਾਅਦ ਪਾਪੀ ਜਿੰਨੀ ਦੇਰ ਵੀ ਜਿਊਂਦਾ ਰਹੇ।

ਸਾਨੂੰ ਹਨ੍ਹੇਰੇ 'ਚ ਤੀਰ ਚਲਾਉਣ ਦੀ ਲੋੜ ਨਹੀਂ ਹੈ ਕਿ ਉਹ ਪਾਪ ਕਿਹੜਾ ਹੈ। ਯਿਸੂ ਨੇ ਸਾਨੂੰ ਦੱਸ ਦਿੱਤਾ ਹੈ ਕਿ ਉਹ ਪਾਪ ਕੀ ਹੈ। ਇਹ ''ਪਵਿੱਤਰ ਆਤਮਾ ਦੇ ਖਿਲਾਫ਼ ਪਾਪ'' ਹੈ। ਆਇਤ 28 ਵਿਚ ਯਿਸੂ ਨੇ ਕਿਹਾ ਕਿ ਉਹ ''ਪ੍ਰਮੇਸ਼ਵਰ ਦੇ ਆਤਮਾ ਨਾਲ'' ਭੂਤ ਕੱਢਦਾ ਹੈ, ਪਰ ਫ਼ਰੀਸੀਆਂ ਦਾ ਦਾਅਵਾ ਸੀ ਕਿ ਉਹ ਬਆਲਜ਼ਬੂਲ ਦੀ ਸ਼ਕਤੀ ਨਾਲ ਭੂਤ ਕੱਢਦਾ ਸੀ। ਅਸਲ 'ਚ ਫ਼ਰੀਸੀਆਂ ਦੇ ਕਹਿਣ ਦਾ ਭਾਵ ਇਹ ਸੀ ਕਿ ਪ੍ਰਮੇਸ਼ਵਰ ਦਾ ਆਤਮਾ ਬਆਲਜ਼ਬੂਲ ਅਰਥਾਤ ਸ਼ੈਤਾਨ ਹੈ।

ਕੋਈ ਕਹਿ ਸਕਦਾ ਹੈ, ''ਤੁਹਾਨੂੰ *ਯਕੀਨ* ਹੈ ਕਿ ਯਿਸੂ ਦੇ ਕਹਿਣ ਤੋ ਇਹੀ ਭਾਵ ਸੀ?'' ਇਹਦੇ ਨਾਲ ਦਾ ਹਵਾਲਾ ਮਰਕੁਸ 3 ਵੇਖੋ। 28 ਅਤੇ 29 ਆਇਤਾਂ ਵਿਚ ਨਾ ਬਖ਼ਸ਼ੇ ਜਾਣ ਯੋਗ ਪਾਪ ਬਾਰੇ ਇਹੀ ਬੁਨਿਆਦੀ ਗੱਲ ਕਹਿਣ ਦੇ ਬਾਅਦ ਉਹਨੇ ਆਇਤ 30 ਵਿਚ ਇਹਦੀ ਵਿਆਖਿਆ ਕੀਤੀ: ''ਕਿਉਂ ਜੋ ਉਹਨਾਂ ਆਖਿਆ ਸੀ ਕਿ ਭ੍ਰਿਸ਼ਟ ਆਤਮਾ ਉਹਦੇ ਵਿਚ ਹੈ।'' ਯਾਨੀ ਫ਼ਰੀਸੀਆਂ ਨੇ ਨਾ ਬਖ਼ਸ਼ੇ ਜਾਣ ਯੋਗ ਪਾਪ ਕੀਤਾ ਸੀ ਕਿਉਂਕਿ ਉਹਨਾਂ ਨੇ ਕਿਹਾ ਸੀ ਕਿ ਯਿਸੂ ਵਿਚ *ਪਵਿੱਤਰ* ਆਤਮਾ ਨਹੀਂ ਬਲਕਿ ਅਸ਼ੁੱਧ ਆਤਮਾ ਸੀ।

ਮੱਤੀ 12:32 ਵਿਚ ਵਾਪਸ ਆਉਂਦੇ ਹਾਂ, ਯਿਸੂ ਨੇ ਕਿਹਾ, ''ਇਹ ਉਸ ਨੂੰ ਨਾ ਇਸ ਯੁੱਗ ਵਿਚ ਨਾ ਆਉਣ ਵਾਲੇ ਯੁੱਗ ਵਿਚ ਮਾਫ਼ ਕੀਤਾ ਜਾਵੇਗਾ।'' ਭਲਾ ਇਹਦਾ ਅਰਥ ਇਹ ਹੈ ਕਿ ''ਆਉਣ ਵਾਲੇ ਯੁੱਗ ਵਿਚ'' ਕੁਝ ਪਾਪ ਮਾਫ਼ ਹੋ *ਸਕਦੇ* ਹਨ। ਨਹੀਂ, ਇਹ ਤਾਂ ਸਿਰਫ਼ ਯਿਸੂ ਦੇ ਜ਼ੋਰ ਦੇ ਕੇ ਕਹਿਣ ਦਾ ਢੰਗ ਹੈ, ''ਨਹੀਂ, ਨਹੀਂ, ਬਿਲਕੁਲ ਨਹੀਂ, *ਕਿਸੇ ਸੂਰਤ ਵਿਚ ਵੀ* ਇਹ ਪਾਪ ਮਾਫ਼ *ਨਹੀਂ* ਕੀਤਾ ਜਾ ਸਕਦਾ!''

ਕੁਝ ਲੋਕਾਂ ਦਾ ਮੰਨਣਾ ਹੈ ਕਿ ਫ਼ਰੀਸੀਆਂ ਨੇ ਅਸਲ 'ਚ ਨਾ ਬਖ਼ਸ਼ੇ ਜਾਣ ਯੋਗ ਪਾਪ ਨਹੀਂ ਕੀਤਾ ਸੀ, ਯਿਸੂ ਤਾਂ ਉਹਨਾਂ ਨੂੰ ਸਿਰਫ਼ *ਚਿਤਾਵਨੀ* ਦੇ ਰਿਹਾ ਸੀ। ਉਹਨਾਂ ਦੀ ਸੋਚ ਹੈ ਕਿ ਯਿਸੂ ਕਹਿ ਰਿਹਾ ਸੀ ਕਿ ''ਤੁਸੀਂ *ਮੈਨੂੰ* ਧਰਤੀ ਤੇ ਰਹਿੰਦਿਆਂ ਠੁਕਰਾ ਸਕਦੇ ਹੋ। ਪਰ ਜਦ ਪਵਿੱਤਰ ਆਤਮਾ ਆ ਕੇ ਨਵਾਂ ਨੇਮ ਪ੍ਰਗਟ ਕਰ ਦੇਵੇ, ਅਤੇ ਤੁਸੀਂ ਉਸ ਮੁਕਾਸ਼ਫ਼ੇ (ਪ੍ਰਕਾਸ਼) ਨੂੰ ਠੁਕਰਾਓ, *ਤਾਂ* ਤੁਹਾਨੂੰ ਮਾਫ਼ ਨਹੀਂ ਕੀਤਾ ਜਾ ਸਕਦਾ।'' ਸ਼ਾਇਦ ਯਿਸੂ ਇਹੀ ਕਹਿ ਰਿਹਾ ਸੀ। ਮੈਂ ਇਸ ਵਿਆਖਿਆ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ, ਕਿਉਂਕਿ ਇਸ ਵਿਆਖਿਆ ਅਨੁਸਾਰ ਫ਼ਰੀਸੀਆਂ ਨੇ ਨਾ ਬਖ਼ਸ਼ੇ ਜਾਣ ਯੋਗ ਪਾਪ ਨਹੀਂ ਕੀਤਾ ਸੀ। ਇਹਨਾਂ ਆਇਤਾਂ ਨੂੰ ਸੁਭਾਵਕ ਤੌਰ ਤੇ ਪੜ੍ਹਨ ਤੇ ਪਤਾ ਲਗਦਾ ਹੈ ਕਿ ਉਹਨਾਂ ਨੇ ਇਹ ਪਾਪ ਕੀਤਾ ਸੀ। ਯਿਸੂ ਦੀਆਂ ਗੱਲਾਂ ਸਿਰਫ਼ ਚਿਤਾਵਨੀ ਨਹੀਂ ਲਗਦੀਆਂ। ਮੱਤੀ 23 ਵਿਚ ਯਿਸੂ ਵੱਲੋਂ ਕੀਤਾ ਫ਼ਰੀਸੀਆਂ ਦਾ ਮੁੱਲਾਂਕਣ ਵੇਖੋ; ਉਹ ਘਿਣਾਉਣੇ ਲੋਕ ਸਨ।

ਫਿਰ ਯਿਸੂ ਦੇ ਇਹ ਕਹਿਣ ਦਾ ਕਿ ''ਜੋ ਕੋਈ ਮਨੁੱਖ ਦੇ ਪੁੱਤਰ ਦੇ ਵਿਰੁੱਧ ਗੱਲ ਕਰੇ ਉਹਨੂੰ ਮਾਫ਼ ਕੀਤਾ ਜਾਵੇਗਾ, ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਗੱਲ ਕਹੇ ਇਹ ਉਸ ਨੂੰ ਮਾਫ਼ ਨਹੀਂ ਕੀਤੀ ਜਾਵੇਗੀ'' ਕੀ ਅਰਥ *ਸੀ?*

ਮੱਤੀ 11 ਵਿਚ ਵਾਪਸ ਆਈਏ: ਫ਼ਰੀਸੀਆਂ ਨੇ ਕਿਹਾ ਸੀ ਕਿ ਯਿਸੂ ਖਾਊ ਅਤੇ ਸ਼ਰਾਬੀ ਹੈ।

ਅਧਿਆਇ 12 ਵਿਚ ਉਹਨਾਂ ਨੇ ਸੱਬਤ ਦੇ ਸਬੰਧ ਵਿਚ ਉਹਦੇ ਖ਼ਿਲਾਫ਼ ਗੱਲਾਂ ਕੀਤੀਆਂ ਸਨ। 12:14 ਵਿਚ ਉਹਨਾਂ ਨੇ ''ਉਹਦੇ ਵਿਰੁੱਧ ਮਤਾ ਪਕਾਇਆ ਜੋ ਕਿਸ ਤਰ੍ਹਾਂ ਉਹਦਾ ਨਾਸ ਕਰੀਏ।'' ਇਹ ਸਭ ਗੱਲਾਂ *ਇਕ ਵਿਅਕਤੀ ਦੇ ਰੂਪ ਵਿਚ* ਉਹਦੇ ਖ਼ਿਲਾਫ਼ ਸਨ। ਫਿਰ ਉਹਨਾਂ ਨੇ ਕਿਹਾ ਕਿ ਯਿਸੂ ਸ਼ੈਤਾਨ ਦੀ ਸ਼ਕਤੀ ਨਾਲ ਭੂਤ ਕੱਢ ਰਿਹਾ ਸੀ (ਆਇਤ 24)। ਤਦ ਹੀ ਯਿਸੂ ਨੇ ਕਿਹਾ ਕਿ ''ਤੁਸੀਂ ਬੜੇ ਦੂਰ ਨਿਕਲ ਗਏ ਹੋ। *ਹੁਣ* ਤੁਸੀਂ ਮੇਰੇ ਉੱਤੇ ਸਿਰਫ਼ ਇਕ ਵਿਅਕਤੀ ਦੇ ਰੂਪ ਵਿਚ ਹੀ ਹਮਲਾ ਨਹੀਂ ਕਰ ਰਹੇ; ਹੁਣ ਤੁਸੀਂ ਇਹ ਕਹਿ ਰਹੇ ਹੋ ਕਿ ਜੋ *ਸ਼ਕਤੀ* ਮੇਰੇ ਵਿਚ ਹੈ ਉਹ ਖ਼ੁਦਾ ਵੱਲੋਂ ਨਹੀਂ ਸਗੋਂ ਸ਼ੈਤਾਨ ਵੱਲੋਂ ਹੈ। ਮੈਂ ਇਹ ਸਭ ਪ੍ਰਮੇਸ਼ਵਰ ਦੇ ਆਤਮਾ ਨਾਲ ਕਰ ਰਿਹਾ ਹਾਂ, ਪਰ ਤੁਸੀਂ ਆਖਦੇ ਹੋ ਕਿ ਮੈਂ ਇਹ ਦੁਸ਼ਟ ਆਤਮਾ ਨਾਲ ਕਰ ਰਿਹਾ ਹਾਂ। ਪਵਿੱਤਰ ਆਤਮਾ ਨੂੰ ਸ਼ੈਤਾਨ ਕਹਿਣ ਤੋਂ ਪਤਾ ਲਗਦਾ ਹੈ ਕਿ ਤੁਸੀਂ ਐਨੇ ਕਠੋਰ ਹੋ ਗਏ ਹੋ ਕਿ ਉਸ ਹੱਦ ਤਕ ਪਹੁੰਚ ਗਏ ਹੋ ਜਿੱਥੋਂ ਰੂਹਾਨੀ ਤੌਰ ਤੇ ਵਾਪਸ ਨਹੀਂ ਆ ਸਕਦੇ!''

ਅੱਜ ਤੁਸੀਂ ਇਹਨਾਂ ਲੋਕਾਂ ਦੁਆਰਾ ਕੀਤਾ ਗਿਆ *ਵਿਸ਼ੇਸ਼ ਪਾਪ* ਨਹੀਂ ਕਰ ਸਕਦੇ। ਯਿਸੂ ਅੱਜ ਧਰਤੀ ਤੇ ਵਿਚਰਦਾ ਹੋਇਆ ਉਹ ਮੋਅਜਜ਼ੇ ਨਹੀਂ ਕਰ ਰਿਹਾ ਜਿਹੜੇ ਉਸ ਸਮੇਂ ਕਰ ਰਿਹਾ ਸੀ। ਤੁਸੀਂ ਯਿਸੂ ਵੱਲ ਉਂਗਲ ਕਰਕੇ ਇਹ ਨਹੀਂ ਕਹਿ ਸਕਦੇ ਕਿ ਉਹ ਬਆਲਜ਼ਬੂਲ ਦੀ ਮਦਦ ਨਾਲ ਮੋਅਜਜ਼ੇ ਕਰ ਰਿਹਾ ਹੈ। ਇਸ ਲਈ ਤੁਸੀਂ ਉਹੀ ਪਾਪ ਨਹੀਂ ਕਰ ਸਕਦੇ। ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਉਹੀ ਪਾਪ ਕੀਤਾ ਜਿਸਦੀ ਗੱਲ ਯਿਸੂ ਨੇ ਕੀਤੀ ਸੀ ਅਤੇ ਪਰੇਸ਼ਾਨ ਹੋ, ਤਾਂ ਭੁੱਲ ਜਾਓ। ਤੁਸੀਂ ਇਹ ਪਾਪ ਨਹੀਂ ਕਰ ਸਕਦੇ।

ਫਿਰ ਵੀ ਤੁਸੀਂ *ਇਸੇ ਤਰ੍ਹਾਂ ਦਾ* ਪਾਪ ਭਾਵ ਇਹਦੇ ਵਰਗਾ ਹੀ ਪਾਪ ਕਰ ਸਕਦੇ ਹੋ। ਆਓ ਇਸ ਘਟਨਾ ਦੇ ਮਰਕੁਸ ਦੇ ਬਿਰਤਾਂਤ ਨੂੰ ਵੇਖਣ ਲਈ, ਮਰਕੁਸ 3 ਵਿਚ ਫਿਰ ਚਲਦੇ ਹਾਂ। ਆਇਤ 29 ਆਖਦੀ ਹੈ, ''ਪਰ ਜੋ ਕੋਈ ਪਵਿੱਤਰ ਆਤਮਾ ਦੇ ਵਿਰੁੱਧ ਕੁਫ਼ਰ ਬੋਲੇ ਉਹਨੂੰ ਕਦੇ ਵੀ ਮਾਫ਼ੀ ਨਹੀਂ ਮਿਲੇਗੀ ਪਰ ਉਹ ਸਦਾ ਦੇ ਪਾਪ ਦੇ ਵੱਸ ਵਿਚ ਆ ਗਿਆ।'' ਕੁਝ ਪਾਪ ਸਦਾ ਰਹਿਣ ਵਾਲੇ ਹਨ। ਕੁਝ ਪਾਪ ਅਜਿਹੇ ਹਨ ਜਿਹਨਾਂ ਤੋਂ ਤੁਸੀਂ ਕਦੇ ਪਿੱਛਾ ਨਹੀਂ ਛੁਡਾ ਸਕਦੇ। ਕੁਝ ਪਾਪ ਕਦੇ ਮਾਫ਼ ਨਹੀਂ ਹੋ ਸਕਦੇ।

ਯੂਹੰਨਾ ਨੇ ਆਪਣੀ ਪਹਿਲੀ ਪੱਤਰੀ ਵਿਚ ਇਹੋ ਜਿਹੇ ਪਾਪ ਦੀ ਗੱਲ ਕੀਤੀ ਹੈ:

> ਜੇ ਕੋਈ ਆਪਣੇ ਭਰਾ ਨੂੰ ਅਜਿਹਾ ਪਾਪ ਕਰਦਾ ਵੇਖੇ ਜੋ ਮੌਤ ਦਾ ਕਾਰਣ ਨਹੀਂ ਤਾਂ ਉਹ ਮੰਗੇ ਅਤੇ ਪ੍ਰਮੇਸ਼ਵਰ ਉਹ ਨੂੰ ਜੀਵਨ ਦੇਵੇਗਾ ਅਰਥਾਤ ਉਹਨਾਂ ਲਈ ਜਿਹੜੇ ਇਹੋ ਜਿਹਾ ਪਾਪ ਕਰਦੇ ਹਨ ਜੋ ਮੌਤ ਦਾ ਕਾਰਣ ਨਹੀਂ। ਇਹੋ ਜਿਹਾ ਇਕ ਪਾਪ ਹੈ ਜਿਹੜਾ ਮੌਤ ਦਾ ਕਾਰਣ ਹੈ । ਉਹ ਦੇ ਵਿਖੇ ਮੈਂ ਨਹੀਂ ਆਖਦਾ ਭਈ ਉਹ ਬੇਨਤੀ ਕਰੇ। ਸਾਰਾ ਕੁਧਰਮ ਪਾਪ ਹੈ ਅਤੇ ਇਹੋ ਜਿਹਾ ਇਕ ਪਾਪ ਹੈ ਜਿਹੜਾ ਮੌਤ ਦਾ ਕਾਰਣ ਨਹੀਂ (1 ਯੂਹੰਨਾ 5:16, 17)।

''ਪਾਪ ... ਜੋ ਮੌਤ *ਦਾ ਕਾਰਣ ਹੈ*'' ਵਾਕ ਤੇ ਧਿਆਨ ਦਿਓ। ਜੇ ਤੁਸੀਂ ਉਹ ਪਾਪ ਕੀਤਾ ਹੈ ਤਾਂ ਸਿਰਫ਼ ਤੁਹਾਨੂੰ ਮੌਤ ਹੀ ਮਿਲ ਸਕਦੀ ਹੈ। (ਇਹ ਮੱਤੀ 12 ਵਾਂਗ ਹੀ ਖ਼ੌਫ਼ਨਾਕ ਹੈ ਕਿ ਨਹੀਂ?)

ਉਹ ਪਾਪ ਕਿਹੜਾ *ਹੈ* ਜਿਹੜਾ ''ਮੌਤ ਦਾ ਕਾਰਣ'' ਹੈ? ''ਸਦਾ ਦਾ ਪਾਪ'' ਕੀ *ਹੈ?* ਆਓ ਅਗਲੇ ਭਾਗ ਵਿਚ ਚੱਲਦੇ ਹਾਂ।

## ਤਸੱਲੀ ਦੀ ਪੇਸ਼ਕਸ਼ (ਮੱਤੀ 12:33-35)

ਮੱਤੀ 12 ਦੇ ਅਗਲੇ ਭਾਗ ਵਿਚ, ਸਾਨੂੰ ''ਸ਼ਾਂਤ ਕਰਨ ਵਾਲੀ ਪੇਸ਼ਕਸ਼'' ਮਿਲਦੀ ਹੈ।

ਯਿਸੂ ਨੇ ਪਵਿੱਤਰ ਆਤਮਾ ਦੇ ਖ਼ਿਲਾਫ਼ ਬੋਲਣ ਦੀ ਆਪਣੀ ਗੱਲ ਦੇ ਬਾਅਦ ਆਪਣੀਆਂ ਪਸੰਦੀਦਾ ਉਦਾਹਰਣਾਂ ਵਿੱਚੋਂ ਇਕ ਦਿੱਤੀ: ''ਬਿਰਛ ਨੂੰ ਚੰਗਾ ਬਣਾਓ ਅਤੇ ਉਹ ਦੇ ਫਲ ਨੂੰ ਵੀ ਚੰਗਾ ਯਾ ਬਿਰਛ ਨੂੰ ਮਾੜਾ ਬਣਾਓ ਅਤੇ ਉਹ ਦੇ ਫਲ ਨੂੰ ਵੀ ਮਾੜਾ, ਕਿਓਂ ਜੋ ਬਿਰਛ ਆਪਣੇ ਫਲੋਂ ਹੀ ਪਛਾਣਿਆ ਜਾਂਦਾ ਹੈ'' (ਆਇਤ 33)। ਉਹ ਕਹਿ ਰਿਹਾ ਸੀ, ''ਤੁਸੀਂ ਮੇਰੇ ਫ਼ਲ ਤੋਂ, ਭਾਵ ਮੇਰੀ ਜ਼ਿੰਦਗੀ ਤੋਂ *ਮੇਰਾ* ਸੁਭਾਅ ਪਛਾਣ ਸਕਦੇ ਹੋ। ਮੈਂ ਲੋਕਾਂ ਨੂੰ ਚੰਗਾ ਕਰ ਰਿਹਾ ਹਾਂ, ਲੋਕਾਂ ਦੀ ਮਦਦ ਕਰ ਰਿਹਾ ਹਾਂ ਅਤੇ ਭੂਤਾਂ ਨੂੰ ਕੱਢ ਰਿਹਾ ਹਾਂ। ਤੁਸੀਂ ਜਾਣ ਸਕਦੇ ਹੋ ਕਿ ਮੇਰਾ ਸੁਭਾਅ ਚੰਗਾ ਹੈ ਕਿਉਂਕਿ ਮੇਰਾ ਫ਼ਲ ਚੰਗਾ ਹੈ। ਫ਼ਰੀਸੀਆਂ ਦਾ ਸੁਭਾਅ ਕਿਹੋ ਜਿਹਾ ਹੈ? ਉਹਨਾਂ ਦੀਆਂ ਜ਼ਿੰਦਗੀਆਂ ਦਾ ਫ਼ਲ ਬੁਰਾ ਹੈ। ਇਸ ਲਈ ਉਹ ਬੁਰੇ ਹੀ ਹੋਣਗੇ।''

ਧਿਆਨ ਦਿਓ ਕਿ ਯਿਸੂ ਬਆਲਜ਼ਬੂਲ ਦੀ ਮਦਦ ਨਾਲ ਭੂਤਾਂ ਨੂੰ ਕੱਢਣ ਦੀ ਫ਼ਰੀਸੀਆਂ ਦੀ ਇਕ ਹੀ ਗੱਲ ਨਹੀਂ ਕਰ ਰਿਹਾ ਸੀ। ਸਗੋਂ ਉਹ ਤਾਂ ਉਹਨਾਂ ਦੀ ਪੂਰੀ ਜ਼ਿੰਦਗੀ ਭਾਵ ਇਹ ਕਿ ਉਹ ਕਿਹੋ ਜਿਹੇ ਲੋਕ ਸਨ, ਬਾਰੇ ਕਹਿ ਰਿਹਾ ਸੀ।

34 ਅਤੇ 35 ਆਇਤਾਂ ਵਿਚ ਉਹਨੇ ਅੱਗੇ ਕਿਹਾ:

> ਹੇ ਸੱਪਾਂ ਦੇ ਬੱਚਿਓ [ਜਿਵੇਂ ਯੂਹੰਨਾ ਨੇ ਫ਼ਰੀਸੀਆਂ ਬਾਰੇ ਕਿਹਾ ਸੀ, ਅਤੇ ਜਿਵੇਂ ਯਿਸੂ ਨੇ ਉਹਨਾਂ ਬਾਰੇ ਕਿਹਾ (ਮੱਤੀ 23:33)]! ਤੁਸੀਂ ਬੁਰੇ ਹੋ ਕੇ ਚੰਗੀਆਂ ਗੱਲਾਂ ਕਿਕੁੱਰ ਕਰ ਸਕਦੇ ਹੋ? [ਧਿਆਨ ਦਿਓ:] ਕਿਉਂਕਿ ਜੋ ਮਨ ਵਿਚ ਭਰਿਆ ਹੋਇਆ ਹੈ ਉਹੋ ਮੂੰਹ ਉੱਤੇ ਆਉਂਦਾ ਹੈ। ਭਲਾ ਮਨੁੱਖ ਭਲੇ ਖ਼ਜ਼ਾਨੇ ਵਿੱਚੋਂ ਭਲੀਆਂ ਗੱਲਾਂ ਕੱਢਦਾ ਹੈ ਅਤੇ ਬੁਰਾ ਮਨੁੱਖ ਬੁਰੇ ਖ਼ਜ਼ਾਨੇ ਵਿੱਚੋਂ ਬੁਰੀਆਂ ਗੱਲਾਂ ਕੱਢਦਾ ਹੈ।

ਫ਼ਰੀਸੀਆਂ ਨੇ ਕੁਫ਼ਰ ਬਕਿਆ ਸੀ, ਪਰ ਉਹਨਾਂ ਦੀਆਂ ਕੁਫ਼ਰ ਵਾਲੀਆਂ ਗੱਲਾਂ ਨਿੱਕਲੀਆਂ ਕਿੱਥੋਂ ਸਨ? ਉਹਨਾਂ ਦੀਆਂ ਗੱਲਾਂ *ਉਹਨਾਂ ਦੇ ਮਨਾਂ ਵਿੱਚੋਂ* ਨਿੱਕਲੀਆਂ ਸਨ। ਯਾਦ ਰਖੋ ਕਿ ਯਿਸੂ ਉਹਨਾਂ ਦੇ ਮਨਾਂ ਨੂੰ ਜਾਣਦਾ ਸੀ (ਆਇਤ 25)। ਯਿਸੂ ਸਿਰਫ਼ ਉਹਨਾਂ *ਸ਼ਬਦਾਂ* ਦੀ ਗੱਲ ਨਹੀਂ ਕਰ ਰਿਹਾ ਸੀ ਜਿਹੜੇ ਉਹਨਾਂ ਨੇ ਬੋਲੇ ਸਨ ਸਗੋਂ ਉਹ ਤਾਂ ਉਹਨਾਂ ਦੇ *ਮਨ* ਦੀ ਹਾਲਤ ਦੀ ਗੱਲ ਕਰ ਰਿਹਾ ਸੀ।

ਮੱਤੀ ਦੇ ਅਗਲੇ ਅਧਿਆਇ ਤੇ ਨਜ਼ਰ ਮਾਰੋ। ਅਧਿਆਇ 13 ਬੀਜਣ ਵਾਲੇ ਦੇ ਦ੍ਰਿਸ਼ਟਾਂਤ ਨਾਲ ਸ਼ੁਰੂ ਹੁੰਦਾ ਹੈ। ਪਹਿਲੀ ਜ਼ਮੀਨ ਜਿਸ ਦਾ ਜ਼ਿਕਰ ਯਿਸੂ ਨੇ ਕੀਤਾ ਉਹ ਐਨੀ ਕਰੜੀ ਸੀ ਕਿ ਸੱਚਿਆਈ ਦਾ ਬੀ, ਉਸ ਵਿਚ ਨਾ ਜਾ ਸਕਿਆ। ਇਸ ਲਈ ਉਹ ਬੀਜ ਉੱਥੇ ਹੀ ਪਿਆ ਰਿਹਾ ਅਤੇ ਪੰਛੀਆਂ [ਸ਼ੈਤਾਨ] ਨੇ ਆ ਕੇ ਉਹ ਬੀ ਚੁਗ ਲਿਆ। ਸੰਦਰਭ ਵਿਚ, ਯਿਸੂ ਦੇ ਦਿਮਾਗ਼ ਵਿਚ ਫ਼ਰੀਸੀਆਂ ਦੇ ਮਨ ਦੀ ਗੱਲ ਸੀ ਜੋ ਐਨੇ ਸਖ਼ਤ ਸਨ ਕਿ ਉਹਨਾਂ ਵਿਚ ਇੰਜੀਲ ਦੀ ਗੱਲ ਵੜੀ ਨਹੀਂ ਸਕੀ!

ਥੋੜੀ ਦੇਰ ਬਾਅਦ, ਯਿਸੂ ਨੇ ਕਿਹਾ:

> ਕਿਉਂ ਜੋ ਇਸ ਪਰਜਾ ਦਾ ਮਨ ਮੋਟਾ ਹੋ ਗਿਆ ਹੈ, ਅਤੇ ਉਹ ਕੰਨਾਂ ਨਾਲ ਉੱਚਾ

> ਸੁਣਦੇ ਹਨ, ਇਹਨਾਂ ਨੇ ਆਪਣੀਆਂ ਅੱਖਾਂ ਮੀਟ ਲਈਆਂ ਹਨ, ਮਤੇ ਉਹ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁਣਨ, ਅਤੇ ਮਨ ਨਾਲ ਸਮਝਣ ਅਤੇ ਮੁੜ ਆਉਣ, ਅਤੇ ਮੈਂ ਇਹਨਾਂ ਨੂੰ ਚੰਗਾ ਕਰਾਂ (ਮੱਤੀ 13:15)।

ਯਿਸੂ ਫ਼ਰੀਸੀਆਂ ਦੀ ਗੱਲ ਕਰ ਰਿਹਾ ਸੀ। ਉਹਨੇ ਉਹਨਾਂ ਰਾਹੀਂ ਬੋਲੇ ਗਏ ਸ਼ਬਦਾਂ ਦੀ ਹੀ ਨਹੀਂ ਸਗੋਂ ਉਹਨਾਂ ਦੇ ਮਨਾਂ ਦੀ ਹਾਲਤ ਦੀ ਵੀ ਗੱਲ ਕੀਤੀ। ਉਹਨਾਂ ਦੇ ਬੋਲ ਤਾਂ ਸਿਰਫ਼ ਉਹਨਾਂ ਦੀ ਸਖ਼ਤ ਦਿਲੀ ਦਾ ਨਮੂਨਾ ਸਨ। ਉਹਨਾਂ ਨੇ ਬਾਰ ਬਾਰ ਉਹਦੇ ਖ਼ਿਲਾਫ਼ ਗੱਲਾਂ ਕੀਤੀਆਂ ਸਨ। ਪਰ ਜਦ ਯਿਸੂ ਨੇ ਇਕ ਜ਼ਬਰਦਸਤ ਤਿਹਰਾ ਮੋਅਜਜ਼ਾ ਕੀਤਾ ਤਾਂ ਵੀ ਉਹਨਾਂ ਨੇ ਇਹਨੂੰ ਸ਼ੈਤਾਨ ਦੁਆਰਾ ਕੀਤਾ ਦੱਸਿਆ ਤਾਂ ਯਿਸੂ ਨੇ ਕਿਹਾ ਕਿ ਬਿਨਾਂ ਕਿਸੇ ਸ਼ੱਕ ਦੇ ਇਸ ਨਾਲ ਸਾਬਤ ਹੋ ਗਿਆ ਹੈ ਕਿ ਉਹ ਉਸ ਹੱਦ ਨੂੰ ਪਾਰ ਕਰ ਗਏ ਹਨ, ਜਿਸ ਤੋਂ ਤੌਬਾ ਕੀਤੀ ਜਾ ਸਕਦੀ ਹੈ। ਇਸ ਲਈ ਉਹਨਾਂ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ ਸੀ।

ਮੈਂ ਐਨਾ ਹੀ ਕਹਿ ਸਕਦਾ ਹਾਂ ਕਿ *ਕੋਈ ਵੀ ਪਾਪ ਜਿਸ ਤੋਂ ਤੁਸੀਂ ਤੌਬਾ ਕਰ ਸਕਦੇ ਹੋ ਮਾਫ਼ ਕੀਤਾ ਜਾ ਸਕਦਾ ਹੈ।* ਇਹ ਕਹਿਣਾ ਕਿ ਕੋਈ ਅਜਿਹਾ ਪਾਪ ਕਰ ਸਕਦਾ ਹੈ, ਜਿਹਦੀ ਮਾਫ਼ੀ ਖ਼ੁਦਾ ਲਈ ਦੇਣੀ ਨਾਮੁਮਕਨ ਹੋਵੇ, ਇਹ ਕਹਿਣਾ ਹੈ ਕਿ ਖ਼ੁਦਾ ਬਹੁਤ ਛੋਟਾ ਹੈ ਅਤੇ ਇਨਸਾਨ ਬਹੁਤ ਵੱਡਾ। ਬੜੇ ਧਿਆਨ ਨਾਲ ਅਤੇ ਦੁਆ ਨਾਲ ਇਬਰਾਨੀਆਂ 6:4-6 ਤੇ ਵਿਚਾਰ ਕਰੋ:

> ਕਿਉਂਕਿ ਉਹ ਜਿਹੜੇ ਇਕ ਵਾਰੀ ਉਜਿਆਲੇ ਕੀਤੇ ਗਏ ਅਤੇ ਸਵਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿੱਚ ਸਾਂਝੀ ਹੋਏ। ਅਤੇ ਪ੍ਰਮੇਸ਼ਵਰ ਦੇ ਸ਼ੁਭ ਵਚਨ ਅਤੇ ਆਉਣ ਵਾਲੇ ਯੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। ਅਤੇ ਮਗਰੋਂ ਬੇਮੁੱਖ ਹੋ ਗਏ ਤਾਂ ਉਹਨਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ ਅਣਹੋਣੀ ਹੈ ਇਸ ਲਈ ਜੋ ਓਹ ਪ੍ਰਮੇਸ਼ਵਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਣ ਬੇਪੱਤ ਕਰਦੇ ਹਨ।

ਇਸ ਮੁੱਖ ਵਾਕ ਤੇ ਧਿਆਨ ਦਿਓ: ''ਉਹਨਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ *ਅਣਹੋਣੀ* ਹੈ।'' ਇਸ ਹੱਦ ਤਕ ਪਹੁੰਚਣਾ ਸੰਭਵ ਹੈ। ਤੁਸੀਂ ਇੰਜੀਲ ਨੂੰ ਠੁਕਰਾ ਸਕਦੇ ਹੋ। ਤੁਸੀਂ ਉਹਨਾਂ ਲੋਕਾਂ ਨੂੰ ਜੋ ਤੁਹਾਨੂੰ ਪਿਆਰ ਕਰਦੇ ਹਨ, ਜੋ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰਦੇ ਹਨ, ਠੁਕਰਾ ਸਕਦੇ ਹੋ। ਤੁਸੀਂ ਬਾਰ-ਬਾਰ ਇਹਨਾਂ ਨੂੰ ਠੁਕਰਾ ਸਕਦੇ ਹੋ। ਪਰ ਜਿੰਨੀ ਵਾਰ ਤੁਸੀਂ ਇਹਨਾਂ ਨੂੰ ਠੁਕਰਾਓਗੇ ਤੁਹਾਡਾ ਮਨ ਸਖ਼ਤ (ਬਾਈਬਲ ਦੀ ਭਾਸ਼ਾ ਵਿਚ, ਹੋਰ ਕਰੜਾ ਅਤੇ ਸੁੰਨ) ਹੁੰਦਾ ਜਾਏਗਾ ਅਤੇ ਅੰਤ ਵਿਚ ਤੁਸੀਂ ਉਸ ਰੂਹਾਨੀ ਹੱਦ ਤੋਂ ਪਾਰ ਹੋ ਜਾਓਗੇ ਜਿੱਥੋਂ ਮੁੜਨਾ ਨਾਮੁਮਕਨ ਹੈ।

ਇਸ ਲਈ ਜਿਵੇਂ ਇਬਰਾਨੀਆਂ ਦੇ ਲੇਖਕ ਨੇ ਚਿਤਾਵਨੀ ਦਿੱਤੀ ਹੈ: ''ਸੋ ਜਿਵੇਂ ਪਵਿੱਤਰ ਆਤਮਾ ਆਖਦਾ ਹੈ, ਅੱਜ ਜੇ ਤੁਸੀਂ ਉਹਦੀ ਅਵਾਜ਼ ਸੁਣੋ, ਤਾਂ *ਆਪਣੇ ਦਿਲਾਂ ਨੂੰ ਕਠੋਰ ਨਾ ਕਰੋ*'' (3:7, 8ਓ)।

## ਸਾਰ

ਮੈਂ ਫੇਰ ਆਖਦਾ ਹਾਂ ਜੇ ਤੁਹਾਨੂੰ *ਡਰ ਹੈ* ਕਿ ਤੁਸੀਂ ਇਸ ਤਰ੍ਹਾਂ ਦਾ ਪਾਪ ਕਰ ਰਹੇ ਹੋ, ਤਾਂ

ਤੁਸੀਂ ਨਹੀਂ ਕੀਤਾ; ਕਿਉਂਕਿ ਤੁਹਾਡਾ ਦਿਲ ਤਾਂ ਨਰਮ ਹੈ ਅਤੇ ਅਜੇ ਵੀ ਤੁਸੀਂ ਡਰਦੇ ਹੋ ਕਿ ਕਿਤੇ ਇਹ ਪਾਪ ਨਾ ਕਰ ਬੈਠੋ।

ਫਿਰ ਵੀ ਸਾਨੂੰ ਚੌਕਸ ਰਹਿਣ ਦੀ ਲੋੜ ਹੈ। ਕਿਉਂਕਿ ਜੇ ਅਸੀਂ ਜਾਣ ਬੁੱਝ ਕੇ ਪਾਪ ਕਰਦੇ ਹਾਂ, *ਚਾਹੇ ਕੋਈ ਵੀ* ਪਾਪ ਹੋਵੇ ਅਤੇ ਕਹਿੰਦੇ ਹਾਂ, ''ਮੈਨੂੰ ਕੋਈ ਪਰਵਾਹ ਨਹੀਂ ਕੋਈ ਚਾਹੇ ਕੁਝ ਵੀ ਕਹੇ, ਮੈਂ ਤਾਂ ਇੰਜ ਹੀ ਕਰਾਂਗਾ, ਮੈਨੂੰ ਇਹੀ ਪਸੰਦ ਹੈ'' ਤਾਂ ਸਾਡੇ ਮਨ ਕਠੋਰ ਹੁੰਦੇ ਜਾਣਗੇ। ਜੇ ਅਸੀਂ ਅਜਿਹਾ ਹੋਣ ਦਿੰਦੇ ਹਾਂ, ਤਾਂ ਸਾਡੀ ਉਹ ਹਾਲਤ ਹੋਵੇਗੀ ਜਦ ਨਵੇਂ ਸਿਰਿਓਂ ਤੌਬਾ ਦੀ ਕੋਈ ਗੁੰਜਾਇਸ਼ ਨਹੀਂ ਹੋਵੇਗੀ। ਬਾਈਬਲ ਇਸ ਬਾਰੇ ਸਪਸ਼ਟ ਹੈ। ਜੇ ਅਸੀਂ ਤੌਬਾ ਨਹੀਂ ਕਰ ਸਕਦੇ, ਤਾਂ ਸਾਡੇ ਮਾਫ਼ ਵੀ ਨਹੀਂ ਕੀਤੇ ਜਾ ਸਕਦੇ।

ਤੁਸੀਂ ਅਤੇ ਮੈਂ ਕਿਸੇ ਦੇ ਮਨ ਵਿਚ ਨਹੀਂ ਝਾਕ ਸਕਦੇ ਜਿਵੇਂ ਯਿਸੂ ਵੇਖ ਸਕਦਾ ਸੀ। ਤੁਸੀਂ ਅਤੇ ਮੈਂ ਇਹ ਫ਼ੈਸਲਾ ਨਹੀਂ ਕਰ ਸਕਦੇ ਕਿ ਕੋਈ ਇਸ ਹੋਂਦ ਤੇ ਕਦੋਂ ਪਹੁੰਚਿਆ ਹੈ, ਪਰ *ਪ੍ਰਮੇਸ਼ਵਰ* ਨੂੰ ਪਤਾ ਹੁੰਦਾ ਹੈ। ਜਦ ਇਸ ਤਰ੍ਹਾਂ ਹੋ ਜਾਵੇ, ਤਾਂ ਪ੍ਰਮੇਸ਼ਵਰ ਉਸ ਨੂੰ ਛੱਡ ਦਿੰਦਾ ਹੈ (ਰੋਮੀਆਂ 1:24)। ਕਿੰਨੇ ਦੁੱਖ ਦੀ ਗੱਲ ਹੈ![3] ਖ਼ੁਦਾ ਸਾਡੇ ਮਨ ਕੋਮਲ ਰੱਖਣ ਵਿਚ ਸਾਡੀ ਮਦਦ ਕਰੇ!

---

ਟਿੱਪਣੀਆਂ

[1]ਕਲਾਸ ਜਾਂ ਉਪਦੇਸ਼ ਲਈ ਵਰਤਿਆ ਜਾਣ ਤੇ ਲੋਕਾਂ ਨੂੰ ਹੱਥ ਖੜੇ ਕਰਨ ਲਈ ਕਿਹਾ ਜਾ ਸਕਦਾ ਹੈ। [2]ਮਰਕੁਸ 3 ਇਸੇ ਘਟਨਾ ਬਾਰੇ ਦੱਸਦਾ ਹੈ। ਲੂਕਾ ਵੀ ਇਸੇ ਘਟਨਾ ਬਾਰੇ ਦੱਸਦਾ ਹੈ, ਪਰ ਜਿਹੜੀ ਗੱਲ ਅਸੀਂ ਲੂਕਾ ਦੀ ਕਹਾਣੀ ਵਿੱਚੋਂ ਲੈਣਾ ਚਾਹੁੰਦੇ ਹਾਂ ਉਹ ਇੱਥੇ ਨਹੀਂ ਸਗੋਂ ਕਈ ਅਧਿਆਇ ਨਿੱਕਲ ਜਾਣ ਬਾਅਦ ਲੂਕਾ 12:10 ਵਿਚ ਮਿਲਦੀ ਹੈ। [3]ਜੇ ਇਹਨੂੰ ਉਪਦੇਸ਼ ਦੇ ਰੂਪ ਵਿਚ ਵਰਤਿਆ ਜਾਂਦਾ ਹੈ, ਤਾਂ ਵਧੀਆ ਨਿਚੋੜ ਇਸ ਤਰ੍ਹਾਂ ਹੈ: ''ਅਸੀਂ ਸੱਦਾ ਦੇਣ ਦਾ ਇਕ ਗੀਤ ਗਾਵਾਂਗੇ। ਸੱਦਾ ਦੇਣ ਦਾ ਗੀਤ ਖ਼ਤਰਨਾਕ ਹੈ ਕਿਉਂਕਿ ਜੇ ਕਿਸੇ ਨੇ ਉਹਦੀ ਗੱਲ ਨਹੀਂ ਮੰਨੀ ਹੈ ਅਤੇ ਸੱਦਾ ਦੇਣ ਬਾਅਦ ਨਹੀਂ ਮੰਨਦਾ ਤਾਂ ਉਹਦਾ ਮਨ ਥੋੜ੍ਹਾ ਹੋਰ ਸਖ਼ਤ ਹੋ ਜਾਂਦਾ ਹੈ। ਅਗਲੀ ਵਾਰ ਉਹਦੇ ਲਈ ਵਚਨ ਨੂੰ ਮੰਨਣਾ ਹੋਰ ਔਖਾ ਹੋ ਜਾਵੇਗਾ। ਮੇਰੀ ਆਸ ਅਤੇ ਦੁਆ ਹੈ ਕਿ ਤੁਹਾਡਾ ਅੰਤਹਕਰਣ ਕੋਮਲ ਹੀ ਰਹੇ। ਰੱਬ ਦੇ ਵਾਸਤੇ ਆਪਣੇ ਮਨ ਨੂੰ ਕਠੋਰ ਨਾ ਕਰੋ।''